SWITCH INSURANCE
AUTO, HOME & COMMERCIAL
Commercial Vehicle Insurance
Commercial Property Insurance
Commercial General Liability (CGL)
Rental Property
905-965-7474
www.SwitchInsurance.ca
7900 Hurontario St Suite 308, Brampton, ON L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
Immigration
Real Estate
Commercial Law
Affidavit
Power of Attorney
Rakesh M. Joshi
B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit punjabipost.ca/epaper | Vol 24* Issue 34 | Tuesday, 25 February 2025 | Tel: 905-793-2202 | Fax: 905-793-2282 | news@punjabipost.ca | ਤੁਸੀਂ 'ਪੰਜਾਬੀ ਪੋਸਟ' Onlineਰੋਜ਼ਾਨਾ ਪੜ੍ਹ ਸਕਦੇ ਹੋ



## ਜ਼ੇਲੇਂਸਕੀ ਅਹੁਦਾ ਛੱਡਣ ਲਈ ਤਿਆਰ



ਕੀਵ, 24 ਫਰਵਰੀ (ਪੋਸਟ ਬਿਊਰੋ): ਰੂਸ-ਯੂਕਰੇਨ ਯੁੱਧ ਦੇ ਤਿੰਨ ਸਾਲ ਪੂਰੇ ਹੋ ਗਏ ਹਨ। ਇਸ ਮੌਕੇ ਯੂਕਰੇਨ ਦੇ ਰਾਸ਼ਟਰਪਤੀ ਜ਼ੇਲੇਂਸਕੀ ਨੇ ਕਿਹਾ ਕਿ ਉਹ ਸ਼ਾਂਤੀ ਲਈ ਕੁਝ ਵੀ ਕਰਨ ਲਈ ਤਿਆਰ ਹਨ। ਜੇਕਰ ਅਸਤੀਫ਼ਾ ਦੇਣ ਨਾਲ ਸ਼ਾਂਤੀ ਆਉਂਦੀ ਹੈ ਜਾਂ ਯੂਕਰੇਨ ਨੂੰ ਨਾਟੋ ਦੀ ਮੈਂਬਰਸ਼ਿਪ ਮਿਲਦੀ ਹੈ ਤਾਂ ਉਹ ਅਸਤੀਫ਼ਾ ਦੇਣ ਲਈ ਤਿਆਰ ਹਨ।

ਉਨ੍ਹਾਂ ਕੀਵ ਵਿੱਚ ਇੱਕ ਪ੍ਰੈੱਸ ਕਾਨਫਰੰਸ ਵਿੱਚ ਕਿਹਾ ਕਿ ਟਰੰਪ ਹਮੇਸ਼ਾ ਲਈ ਨਹੀਂ ਹਨ, ਪਰ ਰੂਸ ਤੋਂ ਖ਼ਤਰਾ ਹਮੇਸ਼ਾ ਰਹੇਗਾ। ਸਾਨੂੰ ਇਸ ਗੱਲ ਦੀ ਕੋਈ ਫਰਕ ਨਹੀਂ ਕਿ ਪੁਤਿਨ ਸਾਡੇ 'ਤੇ ਉਦੋਂ ਤੱਕ ਹਮਲਾ ਨਹੀਂ ਕਰਨਗੇ ਜਿੰਨਾ ਚਿਰ ਟਰੰਪ ਸੱਤਾ ਵਿੱਚ ਹਨ। ਸਾਨੂੰ ਸ਼ਾਂਤੀ ਅਤੇ ਗਾਰੰਟੀਆਂ ਦੀ ਲੋੜ ਹੈ ਜੋ ਟਰੰਪ ਅਤੇ ਪੁਤਿਨ ਦੇ ਜਾਣ ਤੋਂ ਬਾਅਦ ਵੀ ਕਾਇਮ ਰਹਿਣਗੀਆਂ।

ਜ਼ੇਲੇਂਸਕੀ ਨੇ ਅਮਰੀਕੀ ਰਾਸ਼ਟਰਪਤੀ ਟਰੰਪ ਨੂੰ ਸੁਨੇਹਾ ਦਿੱਤਾ ਕਿ ਅਸੀਂ ਅਮਰੀਕਾ ਤੋਂ ਪ੍ਰਾਪਤ 500 ਬਿਲੀਅਨ ਡਾਲਰ ਨੂੰ ਕਰਜ਼ਾ ਨਹੀਂ ਮੰਨਦੇ। ਮੈਂ 100 ਬਿਲੀਅਨ ਡਾਲਰ ਨੂੰ ਕਰਜ਼ਾ ਵੀ ਨਹੀਂ ਮੰਨਦਾ। ਮੈਂ ਅਤੇ ਬਾਇਡਨ ਸਹਿਮਤ ਹੋਏ ਕਿ ਉਨ੍ਹਾਂ ਨੇ ਸਾਨੂੰ ਮਦਦ ਦਿੱਤੀ ਸੀ। ਮਦਦ ਨੂੰ ਕਰਜ਼ਾ ਨਹੀਂ ਕਿਹਾ ਜਾਂਦਾ।

## ਰਿਡੋ ਕੈਨਾਲ ਸਕੇਟਵੇਅ ਸਕੇਟਿੰਗ ਲਈ ਹੋਵੇਗਾ ਅਸਥਾਈ ਤੌਰ ’ਤੇ ਬੰਦ

### ਗਰਮ ਮੌਸਮ ਦੌਰਾਨ ਸਿਰਫ਼ ਪੈਦਲ ਚੱਲਣ ਦੀ ਹੀ ਹੋਵੇਗੀ ਆਗਿਆ



ਓਟਵਾ, 24 ਫਰਵਰੀ (ਪੋਸਟ ਬਿਊਰੋ): ਰਿਡੋ ਕੈਨਾਲ ਸਕੇਟਵੇਅ ਸੋਮਵਾਰ ਸਵੇਰ ਤੋਂ ਗਰਮੀ ਨੂੰ ਦੇਖਦਿਆਂ ਅਸਥਾਈ ਤੌਰ 'ਤੇ ਸਕੇਟਿੰਗ ਲਈ ਬੰਦ ਕਰ ਦਿੱਤਾ ਜਾਵੇਗਾ। ਨੈਸ਼ਨਲ ਕੈਪੀਟਲ ਕਮਿਸ਼ਨ (ਐਨਸੀਸੀ) ਦਾ ਕਹਿਣਾ ਹੈ ਕਿ ਬਰਫ਼ ਦੀ ਰੱਖਿਆ ਲਈ ਸਕੇਟਵੇਅ ਸਵੇਰੇ 8 ਵਜੇ ਤੋਂ ਪੈਦਲ ਚੱਲਣ ਲਈ ਰਾਖਵਾਂ ਰੱਖਿਆ ਜਾਵੇਗਾ। ਉਨ੍ਹਾਂ ਕਿਹਾ ਕਿ ਗਰਮ ਮੌਸਮ ਬਰਫ਼ ਨੂੰ ਨਰਮ ਬਣਾਉਂਦਾ ਹੈ ਅਤੇ ਸਕੇਟਸ ਨਾਲ ਨੁਕਸਾਨ ਪਹੁੰਚ ਸਕਦਾ ਹੈ। ਸਿਰਫ਼ ਨਿਰਧਾਰਤ ਪੈਦਲ ਚੱਲਣ ਵਾਲੀਆਂ ਲੇਨਾਂ ਦੀ ਵਰਤੋਂ ਕਰਕੇ ਸਕੇਟਿੰਗ ਸਤ੍ਹਾ ਨੂੰ ਤੇਜ਼ੀ ਨਾਲ ਦੁਬਾਰਾ ਖੋਲ੍ਹਣ ਵਿੱਚ ਮਦਦ ਮਿਲੇਗੀ।

ਵੇਵਰਲੀ ਸਟਰੀਟ ਅਤੇ ਲਾਇਬ੍ਰੇਰੀ ਰੋਡ ਦੇ ਵਿਚਕਾਰ ਪਹੁੰਚ ਬਿੰਦੂ ਕਵੀਨ ਐਲਿਜ਼ਾਬੈਥ ਡਰਾਈਵਵੇਅ ਵਾਲੇ ਪਾਸੇ ਦੇ ਨਾਲ-ਨਾਲ ਕਵੀਨ ਸਟਰੀਟ ਅਤੇ ਸਮਰਸੈੱਟ ਸਟਰੀਟ ਦੇ ਵਿਚਕਾਰ ਖੁੱਲ੍ਹੇ ਰਹਿਣਗੇ। ਐਨਸੀਸੀ ਦਾ ਕਹਿਣਾ ਹੈ ਕਿ ਵਾਸ਼ਰੂਮ, ਚੇਂਜ ਰੂਮ ਅਤੇ ਭੋਜਨ ਅਤੇ ਪੀਣ ਵਾਲੇ ਪਦਾਰਥਾਂ ਦੀਆਂ ਰਿਆਇਤਾਂ ਖੁੱਲ੍ਹੀਆਂ ਰਹਿਣਗੀਆਂ। ਵਾਤਾਵਰਣ ਕੈਨੇਡਾ ਅਨੁਸਾਰ, ਓਟਾਵਾ ਵਿੱਚ ਤਾਪਮਾਨ ਪੂਰੇ ਹਫ਼ਤੇ ਦੌਰਾਨ ਜਮਾਅ ਦੇ ਨਿਸ਼ਾਨ ਦੇ ਨੇੜੇ ਅਤੇ ਸਿੰਗਲ-ਡਿਜਿਟ ਵਿੱਚ ਰਹਿਣ ਦੀ ਉਮੀਦ ਹੈ।

## ਯੂਕਰੇਨ ਜੰਗ ਦੇ ਤਿੰਨ ਸਾਲ ਪੂਰੇ, ਜਸਟਿਨ ਟਰੂਡੋ ਸਮੇਤ ਕਈ ਵਿਦੇਸ਼ੀ ਆਗੂਆਂ ਨੇ ਕੀਤਾ ਕੀਵ ਦਾ ਦੌਰਾ



ਕੀਵ, 24 ਫਰਵਰੀ (ਪੋਸਟ ਬਿਊਰੋ): ਯੂਕਰੇਨ ਜੰਗ ਦੇ ਤਿੰਨ ਸਾਲ ਪੂਰੇ ਹੋਣ ਮੌਕੇ ਅੱਜ ਯੂਰਪ ਅਤੇ ਕੈਨੇਡਾ ਦੇ ਇਕ ਦਰਜਨ ਆਗੂਆਂ ਨੇ ਰਾਜਧਾਨੀ ਕੀਵ ਦਾ ਦੌਰਾ ਕਰਕੇ ਮੁਲਕ ਨੂੰ ਆਪਣੀ ਹਮਾਇਤ ਦਿੱਤੀ। ਯੂਰਪੀਅਨ ਕਮਿਸ਼ਨ ਦੀ ਮੁਖੀ ਉਰਸਲਾ ਵੋਨ ਡੇਰ ਲੇਯੇਨ ਅਤੇ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਸਮੇਤ ਹੋਰ ਆਗੂਆਂ ਦਾ ਟਰੇਨ ਸਟੇਸ਼ਨ ’ਤੇ ਯੂਕਰੇਨੀ ਵਿਦੇਸ਼ ਮੰਤਰੀ ਆਂਦਰੀ ਸਿਬੀਹਾ ਅਤੇ ਰਾਸ਼ਟਰਪਤੀ ਦੇ ਚੀਫ਼ ਆਫ਼ ਸਟਾਫ ਆਂਦਰੀ ਯੇਰਮਾਕ ਨੇ ਸਵਾਗਤ ਕੀਤਾ।

ਲੇਯੇਨ ਨੇ ‘ਐਕਸ’ ’ਤੇ ਲਿਖਿਆ ਕਿ ਯੂਕਰੇਨ ਯੂਰਪ ’ਚ ਪੈਂਦਾ ਹੈ। ਹੋਂਦ ਬਚਾਉਣ ਦੀ ਇਸ ਜੰਗ ’ਚ ਨਾ ਸਿਰਫ਼ ਯੂਕਰੇਨ ਸਗੋਂ ਯੂਰਪ ਦੀ ਕਿਸਮਤ ਵੀ ਦਾਅ ’ਤੇ ਲੱਗੀ ਹੋਈ ਹੈ। ਕੀਵ ਪੁੱਜੇ ਹੋਰ ਵਿਦੇਸ਼ੀ ਆਗੂਆਂ ’ਚ ਯੂਰਪੀ ਕੌਂਸਲ ਦੇ ਪ੍ਰਧਾਨ ਅੰਟੋਨੀਓ ਕੋਸਟਾ ਅਤੇ ਸਪੇਨ ਦੇ ਪ੍ਰਧਾਨ ਮੰਤਰੀ ਵੀ ਸ਼ਾਮਿਲ ਹਨ। ਉਨ੍ਹਾਂ ਜੰਗ ਦੀ ਵਰ੍ਹੇਗੰਢ ਨੂੰ ਸਮਰਪਿਤ ਸਮਾਗਮ ’ਚ ਵੀ ਹਾਜ਼ਰੀ ਭਰੀ। ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੀ ਅਗਵਾਈ ਹੇਠ ਅਮਰੀਕੀ ਨੀਤੀ ’ਚ ਬਦਲਾਅ ਦਰਮਿਆਨ ਆਗੂਆਂ ਨੇ ਰਾਸ਼ਟਰਪਤੀ ਵਲਾਦੀਮੀਰ ਜ਼ੈਲੇਂਸਕੀ ਨਾਲ ਯੂਕਰੇਨ ਨੂੰ ਹਮਾਇਤ ਦੇਣ ਬਾਰੇ ਚਰਚਾ ਕੀਤੀ। ਯੂਰਪੀ ਯੂਨੀਅਨ ਦੇ ਸੀਨੀਅਰ ਡਿਪਲੋਮੈਟ ਕਾਜਾ ਕੈਲਸ ਨੇ ਕਿਹਾ ਕਿ ਅਮਰੀਕਾ ਜੰਗ ਖ਼ਤਮ ਕਰਨ ਲਈ ਯੂਕਰੇਨ ਜਾਂ ਯੂਰਪ ਤੋਂ ਬਿਨਾਂ ਕਿਸੇ ਸ਼ਾਂਤੀ ਸਮਝੌਤੇ ’ਤੇ ਨਹੀਂ ਪਹੁੰਚ ਸਕਦਾ ਹੈ।

## ਸਕਾਰਬਰੋ ਟਾਊਨ ਸੈਂਟਰ ਨੇੜੇ ਵਿਅਕਤੀ ’ਤੇ ਚਾਕੂ ਨਾਲ ਹਮਲਾ, ਸ਼ੱਕੀ ਫ਼ਰਾਰ

ਸਕਾਰਬਰੋ, 24 ਫਰਵਰੀ (ਪੋਸਟ ਬਿਊਰੋ): ਸੈਂਟਰਲ ਸਕਾਰਬਰੋ ਵਿੱਚ ਐਤਵਾਰ ਸ਼ਾਮ ਨੂੰ ਚਾਕੂ ਨਾਲ ਹਮਲਾ ਕਰਨ ਤੋਂ ਬਾਅਦ ਇੱਕ ਸ਼ੱਕੀ ਫਰਾਰ ਹੈ। ਇਹ ਘਟਨਾ ਸਕਾਰਬਰੋ ਟਾਊਨ ਸੈਂਟਰ ਦੇ ਖੇਤਰ ਵਿੱਚ ਪ੍ਰੋਗਰੈੱਸ ਐਵੇਨਿਊ ਅਤੇ ਬੋਰੋ ਡਰਾਈਵ ਦੇ ਨੇੜੇ ਵਾਪਰੀ।ਟੋਰਾਂਟੋ ਪੁਲਿਸ ਨੇ ਕਿਹਾ ਕਿ ਉਨ੍ਹਾਂ ਨੂੰ ਸ਼ਾਮ ਕਰੀਬ 6:13 ਵਜੇ ਬੱਸ ਸਟੇਸ਼ਨ ਦੇ ਨੇੜੇ ਵਿਅਕਤੀ ‘ਤੇ ਚਾਕੂ ਨਾਲ ਹਮਲਾ ਕਰਨ ਦੀ ਸੂਚਨਾ ਮਿਲੀ। ਮੌਕੇ 'ਤੇ ਅਧਿਕਾਰੀਆਂ ਨੂੰ ਇੱਕ ਵਿਅਕਤੀ ਮਿਲਿਆ ਜਿਸਨੂੰ ਜ਼ਖਮੀ ਹਾਲਤ ਵਿੱਚ ਮਾਮੂਲੀ ਸੱਟਾਂ ਤੋਂ ਬਾਅਦ ਹਸਪਤਾਲ ਲਿਜਾਇਆ ਗਿਆ। ਉਨ੍ਹਾਂ ਕਿਹਾ ਕਿ ਇੱਕ ਸ਼ੱਕੀ ਮੌਕੇ ਤੋਂ ਫ਼ਰਾਰ ਹੋ ਗਿਆ।

## 19 ਸਾਲਾ ਲੜਕੀ ਨੇ 6 ਸਾਲਾ ਬੱਚੇ ’ਤੇ ਚਾਕੂ ਨਾਲ ਕੀਤਾ ਹਮਲਾ, ਹਾਲਤ ਗੰਭੀਰ



ਹੈਲੀਫੈਕਸ, 24 ਫਰਵਰੀ (ਪੋਸਟ ਬਿਊਰੋ): ਹੈਲੀਫੈਕਸ ਦੇ ਡਾਊਨਟਾਊਨ ਵਿੱਚ ਇੱਕ ਛੇ ਸਾਲਾ ਬੱਚੇ ਨੂੰ ਚਾਕੂ ਮਾਰ ਕੇ ਜ਼ਖ਼ਮੀ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਪੁਲਿਸ ਦਾ ਕਹਿਣਾ ਹੈ ਕਿ ਜ਼ਖ਼ਮੀ ਬੱਚੇ ਨੂੰ ਹਸਪਤਾਲ ਵਿੱਚ ਦਾਖ਼ਲ ਕਰਵਾਇਆ ਗਿਆ ਹੈ। ਪੁਲਿਸ ਮੁਤਾਬਿਕ ਐਤਵਾਰ ਦੁਪਹਿਰ ਨੂੰ ਬੈਰਿੰਗਟਨ ਸਟਰੀਟ ਦੇ 1900 ਬਲਾਕ 'ਤੇ ਇਕ ਬੱਚੇ ’ਤੇ ਕਈ ਵਾਰ ਚਾਕੂਆਂ ਨਾਲ ਹਮਲਾ ਕਰਨ ਦੀ ਸੂਚਨਾ ਮਿਲੀ ਸੀ, ਜਿਸ ਨੂੰ ਕਿ ਗੰਭੀਰ ਸੱਟਾਂ ਲੱਗੀਆਂ ਸਨ। ਇੱਕ 19 ਸਾਲਾ ਸ਼ੱਕੀ ਲੜਕੀ ਨੂੰ ਘਟਨਾ ਸਥਾਨ 'ਤੇ ਗ੍ਰਿਫਤਾਰ ਕੀਤਾ ਗਿਆ। ਪੁਲਸ ਮਾਮਲੇ ਦੀ ਜਾਂਚ ਕਰ ਰਹੀ ਹੈ।

## ਟੋਰਾਂਟੋ ਪੀਅਰਸਨ ਏਅਰਪੋਰਟ ’ਤੇ ਹਾਦਸੇ ਤੋਂ ਬਾਅਦ ਸੰਚਾਲਨ ਹੋਇਆ ਆਮ ਵਾਂਗ

### ਹਾਦਸੇ ਦੇ ਕਾਰਨਾਂ ਦੀ ਜਾਂਚ ਕਰ ਰਹੀ ਹੈ ਏਜੰਸੀ



ਟੋਰਾਂਟੋ, 24 ਫਰਵਰੀ (ਪੋਸਟ ਬਿਊਰੋ): ਟੋਰਾਂਟੋ ਪੀਅਰਸਨ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਡੈਲਟਾ ਏਅਰ ਲਾਈਨਜ਼ ਦੀ ਉਡਾਣ 4819 ਜੋ ਕਿ ਬੀਤੇ ਸੋਮਵਾਰ ਨੂੰ ਉਤਰਨ ਵੇਲੇ ਹਾਦਸਾਗ੍ਰਸਤ ਹੋ ਗਈ ਸੀ, ਤੋਂ ਬਾਅਦ ਏਅਰਪੋਰਟ ‘ਤੇ ਸੰਚਾਲਨ ਹੁਣ ਆਮ ਹੋ ਗਿਆ ਹੈ। ਇਹ ਘਟਨਾ ਟਰਮੀਨਲ 3 ਦੇ ਰਨਵੇਅ 23 'ਤੇ ਦੁਪਹਿਰ 2 ਵਜੇ ਦੇ ਕਰੀਬ ਵਾਪਰੀ ਸੀ। ਜਿਸ ਤੋਂ ਬਾਅਦ 21 ਜ਼ਖ਼ਮੀਆਂ ਨੂੰ ਹਸਪਤਾਲ ਦਾਖ਼ਲ ਕਰਵਾਇਆ ਗਿਆ ਸੀ ਤੇ ਮੁੱਢਲੇ ਇਲਾਜ ਤੋਂ ਬਾਅਦ ਛੁੱਟੀ ਦੇ ਦਿੱਤੀ ਗਈ ਸੀ। ਜਿਸ ਤੋਂ ਬਾਅਦ ਏਅਰਪੋਰਟ ਦੇ ਸੰਚਾਲਨ ਵਿਚ ਕਾਫੀ ਸਮੱਸਿਆ ਆਈ ਸੀ।

ਐਕਸ 'ਤੇ ਇੱਕ ਪੋਸਟ ਵਿੱਚ ਗ੍ਰੇਟਰ ਟੋਰਾਂਟੋ ਏਅਰਪੋਰਟ ਅਥਾਰਟੀ ਨੇ ਕਿਹਾ ਕਿ ਟੋਰਾਂਟੋ ਪੀਅਰਸਨ ਵਿਖੇ 486 ਨਿਰਧਾਰਤ ਰਵਾਨਾ ਹੋਣ ਵਾਲੀਆਂ ਉਡਾਣਾਂ ਅਤੇ ਅੱਜ 500 ਪਹੁੰਚਣ ਵਾਲੀਆਂ ਉਡਾਣਾਂ ਹਨ। ਇਸ ਤੋਂ ਇਲਾਵਾ ਸਵੇਰੇ 9 ਵਜੇ ਤੱਕ, ਏਅਰਲਾਈਨਾਂ ਦੁਆਰਾ ਰਵਾਨਾ ਹੋਣ ਵਾਲੀਆਂ ਉਡਾਣਾਂ ਦਾ ਸਿਰਫ਼ ਇੱਕ ਪ੍ਰਤੀਸ਼ਤ ਅਤੇ ਆਉਣ ਵਾਲੀਆਂ ਉਡਾਣਾਂ ਦਾ ਦੋ ਪ੍ਰਤੀਸ਼ਤ ਰੱਦ ਕੀਤਾ ਗਿਆ ਹੈ। ਸਾਈਟ 'ਤੇ ਜਾਂਚ ਤੋਂ ਬਾਅਦ ਵੀਰਵਾਰ ਸਵੇਰੇ ਜਹਾਜ਼ ਦੇ ਮਲਬੇ ਨੂੰ ਰਨਵੇਅ ਤੋਂ ਹਟਾ ਦਿੱਤਾ ਗਿਆ ਸੀ।

ਟੀਐੱਸਬੀ ਦਾ ਕਹਿਣਾ ਹੈ ਕਿ ਜਾਂਚਕਰਤਾ ਅਗਲੇ ਕਈ ਦਿਨਾਂ ਲਈ ਇੰਟਰਵਿਊ ਕਰਨਗੇ ਅਤੇ ਹਵਾਈ ਅੱਡੇ ਦੇ ਹੈਂਗਰ 'ਤੇ ਮਲਬੇ ਦੀ ਜਾਂਚ ਕਰਨਗੇ। ਜਹਾਜ਼ ਦੇ ਬਲੈਕ ਬਾਕਸ ਤੋਂ ਡੇਟਾ ਡਾਊਨਲੋਡ ਕਰ ਲਿਆ ਗਿਆ ਹੈ ਅਤੇ ਇਸਦਾ ਵਿਸ਼ਲੇਸ਼ਣ ਕੀਤਾ ਜਾ ਰਿਹਾ ਹੈ। ਹਾਦਸੇ ਦੇ ਕਾਰਨ ਦੀ ਜਾਂਚ ਜਾਰੀ ਹੈ

## ਬੰਗਲਾਦੇਸ਼ ਦੇ ਹਵਾਈ ਸੈਨਾ ਦੇ ਅੱਡ ’ਤੇ ਹਮਲਾ ਨਾਕਾਮ, ਇੱਕ ਹਲਾਕ, ਕਈ ਜ਼ਖ਼ਮੀ



ਢਾਕਾ, 24 ਫਰਵਰੀ (ਪੋਸਟ ਬਿਊਰੋ): ਅਧਿਕਾਰੀਆਂ ਨੇ ਦੱਸਿਆ ਕਿ ਦੱਖਣੀ-ਪੂਰਬੀ ਕਸਬੇ ਕਾਕਸ ਬਾਜ਼ਾਰ ਵਿੱਚ ਬੰਗਲਾਦੇਸ਼ ਹਵਾਈ ਸੈਨਾ ਦੇ ਅੱਡੇ ’ਤੇ ਸੋਮਵਾਰ ਨੂੰ ਹੋਏ ਹਮਲੇ ਨੂੰ ਨਾਕਾਮ ਕਰ ਦਿੱਤਾ ਗਿਆ ਹੈ, ਜਿਸ ਦੌਰਾਨ ਇੱਕ ਵਿਅਕਤੀ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਅਤੇ ਕਈ ਹੋਰ ਜ਼ਖਮੀ ਹੋ ਗਏ।

ਰੱਖਿਆ ਮੰਤਰਾਲੇ ਦੇ ਇੰਟਰ ਸਰਵਿਸ ਪਬਲਿਕ ਰਿਲੇਸ਼ਨਜ਼ ਦੇ ਡਾਇਰੈਕਟੋਰੇਟ ਨੇ ਕਿਹਾ ਕਿ ਹਮਲਾਵਰਾਂ ਨੇ ਦੁਪਹਿਰ ਦੇ ਕਰੀਬ ਕਾਕਸ ਬਾਜ਼ਾਰ ਦੇ ਸਮਿਤੀ ਪਾਰਾ ਨੇੜੇ ਹਵਾਈ ਸੈਨਾ ਦੇ ਅੱਡੇ ‘ਤੇ ਅਚਾਨਕ ਹਮਲਾ ਕੀਤਾ। ਆਈਐਸਪੀਆਰ ਨੇ ਇੱਕ ਬਿਆਨ ਵਿੱਚ ਕਿਹਾ ਕਿ ਬੰਗਲਾਦੇਸ਼ ਹਵਾਈ ਸੈਨਾ ਇਸ ਸਬੰਧ ਵਿੱਚ ਲੋੜੀਂਦੀ ਕਾਰਵਾਈ ਕਰ ਰਹੀ ਹੈ।

ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਮੁਹੰਮਦ ਸਲਾਹੂਦੀਨ ਨੇ ਕਿਹਾ ਕਿ ਇੱਕ ਸਥਾਨਕ ਵਪਾਰੀ 30 ਸਾਲਾ ਸ਼ਿਹਾਬ ਕਬੀਰ ਨੂੰ ਝੜਪ ਦੌਰਾਨ ਗੋਲੀ ਮਾਰ ਕੇ ਹਲਾਕ ਕਰ ਦਿੱਤਾ ਗਿਆ ਅਤੇ ਕਈ ਹੋਰ ਜ਼ਖਮੀ ਹੋ ਗਏ। ਅਧਿਕਾਰੀ ਨੇ ਕਿਹਾ ਕਿ ਹਮਲੇ ਦੇ ਕਾਰਨਾਂ ਦੀ ਪੂਰੀ ਜਾਂਚ ਕੀਤੀ ਜਾਵੇਗੀ।

ਹਾਲਾਂਕਿ, ਰਿਪੋਰਟਾਂ ਵਿੱਚ ਕਿਹਾ ਗਿਆ ਹੈ ਕਿ ਇਹ ਘਟਨਾ ਇੱਕ ਹਵਾਈ ਅੱਡੇ ਦੇ ਵਿਸਤਾਰ ਪ੍ਰੋਜੈਕਟ ਕਾਰਨ ਵਾਪਰੀ ਹੈ, ਜਿਸ ਵਿੱਚ ਗੁਆਂਢ ’ਚ ਰਹਿੰਦੇ ਲੋਕਾਂ ਨੂੰ ਉਥੋਂ ਹਟਾਉਣ ਜਾਣ ਦੀ ਲੋੜ ਹੈ ਪਰ ਕੁਝ ਲੋਕ ਇਸ ਯੋਜਨਾ ਦਾ ਵਿਰੋਧ ਕਰ ਰਹੇ ਹਨ।

ਜ਼ਿਕਰਯੋਗ ਹੈ ਕਿ ਇਹ ਹਮਲਾ ਗ੍ਰਹਿ ਮਾਮਲਿਆਂ ਦੇ ਸਲਾਹਕਾਰ ਸੇਵਾਮੁਕਤ ਲੈਫਟੀਨੈਂਟ ਜਨਰਲ ਐਮ ਜਹਾਂਗੀਰ ਆਲਮ ਚੌਧਰੀ ਵੱਲੋਂ ਦੁਪਹਿਰ 12 ਵਜੇ ਇੱਕ ਪ੍ਰੈੱਸ ਕਾਨਫਰੰਸ ਵਿੱਚ ਕਾਨੂੰਨ ਵਿਵਸਥਾ ਬਣਾਈ ਰੱਖਣ ਪ੍ਰਤੀ ਸਰਕਾਰ ਦੀ ਵਚਨਬੱਧਤਾ ਦੁਹਰਾਏ ਜਾਣ ਦੇ ਕੁਝ ਸਮੇਂ ਬਾਅਦ ਹੋਇਆ।

TAX & ACCOUNTING
TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX
Harcharan S. Grover
Chartered Accountant
ਸਾਨੂੰ ਕਾਲ ਕਰੋ ਤੇ
ਆਪਣਾ ਟੈਕਸ ਬਚਾਓ
Call for Professional Advice
905.247.0193
info@grovercpa.ca
GroverCPA Professional Corporation
214-7895 Tranmere Drive, Mississauga ON L5S 1V9

Royal Pest Control
Residential Commercial Industrial
Specialist in Bedbugs Service
All Pest Control :
•Mouse & Rats •Spiders & Fleas •Bedbugs •Wasps
•Cockroaches •Carpenter Ants •Silver Fish •Racoons
Call : PARESH PATEL
(Government Approved Licensed Technician)
416 938 4598

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6
Brampton, ON, L6P 3W4
Aman Sharma
Open Saturday
Providing excellent quality legal services to our clients

ਨਵਾਂ ਘਾਹ ਲਵਾਉ
647-784-1213
www.aaalandscaping.ca
ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
ਨਵਾਂ ਘਾਹ ਲਵਾਉ
ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕਰਜ਼ੇ ਦੀ ਸਿਰਦਰਦੀ ?
www.MakeMeDebtFree.ca
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ
ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
Late Evening and Weekends
Appointments Available 1888 864 3131
Jasbir Singh Hundal
Qualified Credit Counsellor
416-502-3100
Unit #20 - 7015 Tranmere Drive Mississauga, ON L5S 1T7

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ
Super Visa
■ How your spouse can join you within 4-6 months
■ How your parents can join you
■ How students & skilled people can come to Canada
■ How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
MEMBER ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill
(MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact:
416.910.5676
www.shergilllawfirm.ca

# ਟਰੰਪ ਨੇ ਯੂਐੱਸਏਆਈਡੀ ਦੇ 1600 ਕਰਮਚਾਰੀਆਂ ਨੂੰ ਨੌਕਰੀ ਤੋਂ ਕੱਢਿਆ, ਹੋਰਾਂ ਨੂੰ ਛੁੱਟੀ 'ਤੇ ਭੇਜਿਆ




ਵਾਸ਼ਿੰਗਟਨ, 24 ਫਰਵਰੀ (ਪੋਸਟ ਬਿਊਰੋ): ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਐਤਵਾਰ ਨੂੰ ਕਿਹਾ ਕਿ ਉਹ ਵਿਦੇਸ਼ੀ ਸਹਾਇਤਾ ਏਜੰਸੀ ਯੂਐੱਸਏਆਈਡੀ ਦੇ 1600 ਕਰਮਚਾਰੀਆਂ ਨੂੰ ਨੌਕਰੀ ਤੋਂ ਕੱਢ ਰਹੇ ਹਨ।

ਇਸ ਤੋਂ ਇਲਾਵਾ ਬਾਕੀ ਕਰਮਚਾਰੀਆਂ ਨੂੰ ਤਨਖਾਹ ਵਾਲੀ ਛੁੱਟੀ 'ਤੇ ਭੇਜਿਆ ਜਾ ਰਿਹਾ ਹੈ। ਇਸਦਾ ਮਤਲਬ ਹੈ ਕਿ ਉਹ ਕੰਮ 'ਤੇ ਨਹੀਂ ਆਉਣਗੇ ਪਰ ਉਨ੍ਹਾਂ ਨੂੰ ਤਨਖਾਹ ਮਿਲਦੀ ਰਹੇਗੀ।

ਯੂਐੱਸਏਆਈਡੀ (ਯੂ.ਐੱਸ. ਏਜੰਸੀ ਫਾਰ ਇੰਟਰਨੈਸ਼ਨਲ ਡਿਵੈਲਪਮੈਂਟ) ਦੁਨੀਆਂ ਭਰ ਵਿੱਚ ਸਿਰਫ਼ ਕੁਝ ਆਗੂਆਂ ਅਤੇ ਜ਼ਰੂਰੀ ਸਟਾਫ਼ ਨੂੰ ਹੀ ਰੱਖੇਗੀ। ਇਹ ਉਹੀ ਸੰਗਠਨ ਹੈ ਜਿਸਨੇ ਭਾਰਤ ਵਿੱਚ ਚੋਣਾਂ ਦੌਰਾਨ ਵੋਟਰਾਂ ਦੀ ਗਿਣਤੀ ਵਧਾਉਣ ਲਈ 182 ਕਰੋੜ ਰੁਪਏ ਦੀ ਫੰਡਿੰਗ ਪ੍ਰਦਾਨ ਕੀਤੀ ਸੀ। ਟਰੰਪ ਨੇ ਪਿਛਲੇ ਇੱਕ ਹਫ਼ਤੇ ਵਿੱਚ ਇਸ ਬਾਰੇ ਪੰਜ ਵਾਰ ਸਵਾਲ ਚੁੱਕੇ ਹਨ।

10 ਦਿਨ ਪਹਿਲਾਂ, ਐਲਨ ਮਸਕ ਦੇ ਡੀਓਜੀਈ ਵਿਭਾਗ ਨੇ ਭਾਰਤ ਅਤੇ ਦੁਨੀਆਂ ਭਰ ਵਿੱਚ ਦਿੱਤੇ ਜਾ ਰਹੇ 15 ਹੋਰ ਫੰਡਿੰਗਾਂ ਨੂੰ ਰੋਕ ਦਿੱਤਾ ਸੀ।

# ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਪੰਜਾਬ ਨੂੰ ਨਸ਼ਾ ਮੁਕਤ ਬਣਾਉਣ ਲਈ ਵਿੱਢੇਗੀ ਮੁਹਿੰਮ : ਮੁੱਖ ਸਕੱਤਰ

ਚੰਡੀਗੜ੍ਹ, 24 ਫਰਵਰੀ (ਪੋਸਟ ਬਿਊਰੋ): ਪੰਜਾਬ ਨੂੰ ਨਸ਼ਿਆਂ ਦੀ ਲਾਹਨਤ ਤੋਂ ਨਿਜਾਤ ਦਿਵਾਉਣ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਨੇ ਆਉਣ ਵਾਲੇ ਦਿਨਾਂ ਵਿੱਚ ਨਸ਼ਿਆਂ ਵਿਰੁੱਧ ਵੱਡੀ ਮੁਹਿੰਮ ਵਿੱਢਣ ਦਾ ਫੈਸਲਾ ਕੀਤਾ ਹੈ।

ਇਸ ਸਬੰਧੀ ਵੇਰਵੇ ਸਾਂਝੇ ਕਰਦੇ ਹੋਏ ਸੂਬਾ ਸਰਕਾਰ ਦੇ ਬੁਲਾਰੇ ਨੇ ਦੱਸਿਆ ਕਿ ਮੁੱਖ ਮੰਤਰੀ ਦੇ ਨਿਰਦੇਸ਼ਾਂ 'ਤੇ ਮੁੱਖ ਸਕੱਤਰ ਕੇ.ਏ.ਪੀ. ਸਿਨਹਾ ਨੇ ਸੂਬੇ ਭਰ ਦੇ ਡਿਪਟੀ ਕਮਿਸ਼ਨਰਾਂ ਨੂੰ ਸਖ਼ਤ ਨਿਰਦੇਸ਼ ਜਾਰੀ ਕੀਤੇ ਹਨ। ਆਪਣੇ ਪੱਤਰ ਵਿੱਚ ਮੁੱਖ ਸਕੱਤਰ ਨੇ ਡਿਪਟੀ ਕਮਿਸ਼ਨਰਾਂ ਨੂੰ ਆਪੋ-ਆਪਣੇ ਅਧਿਕਾਰ ਖੇਤਰਾਂ ਚੋਂ ਨਸ਼ਿਆਂ ਦੀ ਅਲਾਮਤ ਦਾ ਸਫ਼ਾਇਆ ਕਰਨ ਲਈ ਕਿਹਾ ਹੈ। ਸਿਨਹਾ ਨੇ ਡਿਪਟੀ ਕਮਿਸ਼ਨਰਾਂ ਨੂੰ ਤਾਕੀਦ ਕੀਤੀ ਹੈ ਕਿ ਸਾਰੇ ਮੁੜ ਵਸੇਬਾ ਅਤੇ ਨਸ਼ਾ ਛੁਡਾਊ ਕੇਂਦਰਾਂ ਵਿੱਚ ਲੋੜੀਂਦੇ ਉਪਕਰਨਾਂ ਅਤੇ ਦਵਾਈਆਂ, ਜਿਸ ਵਿੱਚ ਬੁਪ੍ਰੇਨੋਰਫਾਈਨ , ਟੈਸਟਿੰਗ ਕਿੱਟਾਂ, ਲੋੜੀਂਦਾ ਸਟਾਫ ਆਦਿ ਸ਼ਾਮਲ ਹਨ, ਦੀ ਉਪਲਬਧਤਾ ਨੂੰ ਯਕੀਨੀ ਬਣਾਇਆ ਜਾਵੇ।

# ਮੱਧ ਪ੍ਰਦੇਸ਼ 'ਚ ਜੀਪ ਤੇ ਬੱਸ ਵਿਚਾਲੇ ਟੱਕਰ, 6 ਲੋਕਾਂ ਦੀ ਮੌਤ



ਜਬਲਪੁਰ, 24 ਫਰਵਰੀ (ਪੋਸਟ ਬਿਊਰੋ): ਮੱਧ ਪ੍ਰਦੇਸ਼ ਦੇ ਜਬਲਪੁਰ ਜ਼ਿਲ੍ਹੇ ਵਿੱਚ ਸੋਮਵਾਰ ਸਵੇਰੇ ਪ੍ਰਯਾਗਰਾਜ ਤੋਂ ਆ ਰਹੀ ਇੱਕ ਤੇਜ਼ ਰਫ਼ਤਾਰ ਜੀਪ ਦੀ ਬੱਸ ਨਾਲ ਟੱਕਰ ਹੋ ਗਈ, ਜਿਸ ਕਾਰਨ ਛੇ ਲੋਕਾਂ ਦੀ ਮੌਤ ਹੋ ਗਈ ਅਤੇ ਦੋ ਹੋਰ ਜ਼ਖ਼ਮੀ ਹੋ ਗਏ।

ਜਬਲਪੁਰ ਦੇ ਜ਼ਿਲ੍ਹਾ ਮੈਜਿਸਟਰੇਟ ਦੀਪਕ ਸਕਸੈਨਾ ਨੇ ਕਿਹਾ ਕਿ ਇਹ ਘਟਨਾ ਖਿਤੌਲੀ ਥਾਣਾ ਖੇਤਰ ਦੇ ਪਹਰੇਵਾ ਪਿੰਡ ਦੇ ਨੇੜੇ ਵਾਪਰੀ ਜਦੋਂ ਕਰਨਾਟਕ ਰਜਿਸਟ੍ਰੇਸ਼ਨ ਨੰਬਰ ਵਾਲੀ ਜੀਪ ਉੱਤਰ ਪ੍ਰਦੇਸ਼ ਦੇ ਪ੍ਰਯਾਗਰਾਜ ਤੋਂ ਵਾਪਿਸ ਆ ਰਹੀ ਸੀ।

ਉਨ੍ਹਾਂ ਕਿਹਾ ਕਿ ਜੀਪ ਚਾਲਕ ਨੇ ਗੱਡੀ ਤੋਂ ਕੰਟਰੋਲ ਗੁਆ ਦਿੱਤਾ, ਜਿਸ ਤੋਂ ਬਾਅਦ ਜੀਪ ਪਹਿਲਾਂ ਇੱਕ ਦਰੱਖਤ ਨਾਲ ਟਕਰਾ ਗਈ ਅਤੇ ਫਿਰ ਹਾਈਵੇਅ ਦੇ ਦੂਜੇ ਪਾਸੇ ਕ੍ਰਾਸ ਕਰ ਕੇ ਉਲਟ ਦਿਸ਼ਾ ਤੋਂ ਆ ਰਹੀ ਇੱਕ ਬੱਸ ਨਾਲ ਟਕਰਾ ਗਈ।

ਉਨ੍ਹਾਂ ਕਿਹਾ ਕਿ ਇਸ ਘਟਨਾ ਵਿੱਚ ਛੇ ਲੋਕਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ ਅਤੇ ਦੋ ਹੋਰ ਜ਼ਖ਼ਮੀ ਹੋ ਗਏ, ਜਿਨ੍ਹਾਂ ਨੂੰ ਸਿਹੋਰਾ ਕਸਬੇ ਦੇ ਇੱਕ ਮੈਡੀਕਲ ਸੈਂਟਰ ਵਿੱਚ ਮੁੱਢਲੇ ਇਲਾਜ ਤੋਂ ਬਾਅਦ ਜਬਲਪੁਰ ਮੈਡੀਕਲ ਕਾਲਜ ਰੈਫ਼ਰ ਕਰ ਦਿੱਤਾ ਗਿਆ। ਉਨ੍ਹਾਂ ਦੱਸਿਆ ਕਿ ਇਹ ਲੋਕ ਪ੍ਰਯਾਗਰਾਜ ਤੋਂ ਵਾਪਸ ਆ ਰਹੇ ਸਨ ਅਤੇ ਜਬਲਪੁਰ ਹੁੰਦੇ ਹੋਏ ਕਰਨਾਟਕ ਵੱਲ ਜਾ ਰਹੇ ਸਨ।

ਇੱਕ ਅਧਿਕਾਰੀ ਨੇ ਦੱਸਿਆ ਕਿ ਬੱਸ ਕੁਝ ਸਮੇਂ ਲਈ ਰੁਕੀ ਜਿਸ ਤੋਂ ਬਾਅਦ ਡਰਾਈਵਰ ਗੱਡੀ ਸਮੇਤ ਮੌਕੇ ਤੋਂ ਭੱਜ ਗਿਆ। ਬੱਸ ਦਾ ਪਤਾ ਲਗਾਉਣ ਦੀਆਂ ਕੋਸ਼ਿਸ਼ਾਂ ਜਾਰੀ ਹਨ। ਹਾਦਸੇ ਦੀ ਸੂਚਨਾ ਮਿਲਦੇ ਹੀ ਜ਼ਲ੍ਹਿਾ ਮੈਜਿਸਟ੍ਰੇਟ ਅਤੇ ਪੁਲਿਸ ਸੁਪਰਡੈਂਟ ਮੌਕੇ 'ਤੇ ਪਹੁੰਚ ਗਏ।

# ਮਥੁਰਾ 'ਚ ਬਦਮਾਸ਼ਾਂ ਨੇ ਦੋ ਦਲਿਤ ਲਾੜੀਆਂ ਦੀ ਕੀਤੀ ਕੁੱਟਮਾਰ, 5 ਮੁਲਜ਼ਮ ਗ੍ਰਿਫਤਾਰ



ਮਥੁਰਾ, 24 ਫਰਵਰੀ (ਪੋਸਟ ਬਿਊਰੋ): ਉੱਤਰ ਪ੍ਰਦੇਸ਼ ਦੇ ਮਥੁਰਾ ਜ਼ਲ੍ਹਿੇ ਦੇ ਰਿਫਾਇਨਰੀ ਥਾਣਾ ਖੇਤਰ ਦੇ ਇਕ ਪਿੰਡ 'ਚ ਇੱਕ ਝਗੜੇ ਨੂੰ ਲੈ ਕੇ ਬਦਮਾਸ਼ਾਂ ਨੇ ਅਨੁਸੂਚਿਤ ਜਾਤੀ (ਦਲਿਤ) ਨਾਲ ਸਬੰਧਤ ਦੋ ਲਾੜੀਆਂ ਅਤੇ ਇੱਕ ਬਰਾਤ ਦੀ ਕਥਿਤ ਤੌਰ 'ਤੇ ਕੁੱਟਮਾਰ ਕੀਤੀ, ਜਿਸ ਤੋਂ ਬਾਅਦ ਲਾੜੇ ਉਨ੍ਹਾਂ ਨਾਲ ਵਿਆਹ ਕੀਤੇ ਬਗੈਰ ਹੀ ਵਾਪਿਸ ਪਰਤ ਗਏ। ਪੁਲਿਸ ਨੇ ਐਤਵਾਰ ਨੂੰ ਦਸਿਆ ਕਿ ਪੰਜ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ।

ਪੁਲਿਸ ਨੇ ਦਸਿਆ ਕਿ ਬਾਕੀ ਮੁਲਜ਼ਮਾਂ ਨੂੰ ਫੜ੍ਹਨ ਲਈ ਛਾਪੇਮਾਰੀ ਕੀਤੀ ਜਾ ਰਹੀ ਹੈ। ਪੁਲਿਸ ਅਨੁਸਾਰ ਰਿਫਾਇਨਰੀ ਥਾਣਾ ਖੇਤਰ ਦੇ ਕਰਨ-ਵਾਲ ਪਿੰਡ ਦੇ ਵਸਨੀਕ ਇਕ ਵਿਅਕਤੀ ਦੀਆਂ ਦੋ ਧੀਆਂ ਦਾ ਵਿਆਹ ਸ਼ੁੱਕਰਵਾਰ ਰਾਤ ਨੂੰ ਹੋਣਾ ਸੀ। ਉਨ੍ਹਾਂ ਦੇ ਵਿਆਹ ਦੀ ਬਰਾਤ ਜ਼ਿਲ੍ਹੇ ਦੇ ਗੋਵਰਧਨ ਥਾਣਾ ਖੇਤਰ ਦੇ ਸਮਾਈ ਖੇੜਾ (ਪੁੰਛਰੀ) ਪਿੰਡ ਤੋਂ ਆਈ ਸੀ।

ਪੁਲਿਸ ਅਨੁਸਾਰ ਰਾਤ ਕਰੀਬ 9:30 ਵਜੇ ਦੋਵੇਂ ਲਾੜੀਆਂ ਅਪਣੀ ਮਾਸੀ ਅਤੇ ਚਾਚੇ ਨਾਲ ਕਾਰ 'ਚ ਬਿਊਟੀ ਪਾਰਲਰ ਤੋਂ ਵਾਪਿਸ ਆ ਰਹੀਆਂ ਸਨ ਕਿ ਗਊਸ਼ਾਲਾ ਨੇੜੇ ਕਰਨਵਾਲ ਵਾਸੀ ਲੋਕੇਸ਼, ਰੋਹਤਾਸ਼ ਅਤੇ ਸਤੀਸ਼ ਦੀ ਬਾਈਕ ਨੇ ਕਾਰ ਨੂੰ ਛੂਹ ਲਿਆ।

ਪੁਲਿਸ ਅਨੁਸਾਰ ਮੋਟਰਸਾਈਕਲ ਸਵਾਰ ਨੌਜਵਾਨਾਂ ਨੇ ਕਾਰ ਡਰਾਈਵਰ (ਲਾੜੀ ਦੇ ਚਾਚਾ) ਨਾਲ ਝਗੜਾ ਸ਼ੁਰੂ ਕਰ ਦਿਤਾ। ਇਹ ਵੇਖ ਕੇ ਦੋਨਾਂ ਲਾੜੀਆਂ ਨੇ ਵਿਰੋਧ ਕੀਤਾ, ਜਿਸ ਕਾਰਨ ਬਦਮਾਸ਼ਾਂ ਨੇ ਉਨ੍ਹਾਂ ਨੂੰ ਅਤੇ ਉਨ੍ਹਾਂ ਦੀ ਮਾਸੀ ਨੂੰ ਕਾਰ ਤੋਂ ਖਿੱਚ ਲਿਆ ਅਤੇ ਕੁਟਣਾ ਸ਼ੁਰੂ ਕਰ ਦਿਤਾ। ਦੋਸ਼ ਹੈ ਕਿ ਉਨ੍ਹਾਂ ਦੇ ਚਿਹਰੇ 'ਤੇ ਚਿੱਕੜ ਵੀ ਸੁੱਟਿਆ ਗਿਆ ਸੀ।

ਪੁਲਿਸ ਨੇ ਦੱਸਿਆ ਕਿ ਜਦੋਂ ਲਾੜੀ ਦੇ ਪਰਵਾਰ ਨੂੰ ਇਸ ਬਾਰੇ ਜਾਣਕਾਰੀ ਮਿਲੀ ਤਾਂ ਉਹ ਮੌਕੇ 'ਤੇ ਪਹੁੰਚੇ। ਕੁੱਝ ਬਰਾਤੀ ਵੀ ਉਨ੍ਹਾਂ ਨਾਲ ਸ਼ਾਮਿਲ ਹੋਏ। ਪੁਲਿਸ ਨੇ ਦਸਿਆ ਕਿ ਹਮਲਾਵਰਾਂ ਨੇ ਵੀ ਅਪਣੇ ਪਰਿਵਾਰਕ ਜੀਆਂ ਨੂੰ ਬੁਲਾ ਲਿਆ ਅਤੇ ਦੋਹਾਂ ਪਾਸਿਆਂ ਤੋਂ ਲੜਾਈ ਸ਼ੁਰੂ ਹੋ ਗਈ ਜਿਸ 'ਚ ਲਾੜੀ ਦੇ ਪਿਤਾ ਦੇ ਸਿਰ 'ਤੇ ਸੱਟਾਂ ਲੱਗੀਆਂ ਅਤੇ ਕਈ ਹੋਰ ਜ਼ਖਮੀ ਹੋ ਗਏ।

ਪੁਲਿਸ ਨੇ ਦਸਿਆ ਕਿ ਹਮਲਾਵਰਾਂ ਵਿਚੋਂ ਇਕ ਸਤੀਸ਼ ਅਪਣੇ ਹੋਰ ਸਾਥੀਆਂ ਨਾਲ ਟਰੈਕਟਰ-ਟਰਾਲੀ ਵਿਚ ਵਿਆਹ ਵਾਲੀ ਥਾਂ 'ਤੇ ਪਹੁੰਚਿਆ ਅਤੇ ਲਾੜੀ ਦੇ ਘਰ ਦੇ ਬਾਹਰ ਖੜ੍ਹੀਆਂ ਦੋ ਗੱਡੀਆਂ ਨੂੰ ਟੱਕਰ ਮਾਰ ਦਿਤੀ। ਜਦੋਂ ਰਿਸ਼ਤੇਦਾਰਾਂ ਨੇ ਉਨ੍ਹਾਂ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਤਾਂ ਉਨ੍ਹਾਂ ਨੇ ਸਾਰਿਆਂ ਨੂੰ ਕੁੱਟਣਾ ਸ਼ੁਰੂ ਕਰ ਦਿਤਾ। ਜਦੋਂ ਕੁੱਝ ਬਰਾਤੀਆਂ ਨੇ ਦਖਲ ਦੇਣ ਦੀ ਕੋਸ਼ਿਸ਼ ਕੀਤੀ ਤਾਂ ਉਨ੍ਹਾਂ ਦੀ ਵੀ ਕੁੱਟਮਾਰ ਕੀਤੀ ਗਈ। ਇਕ ਪੁਲਿਸ ਅਧਿਕਾਰੀ ਨੇ ਦਸਿਆ ਕਿ ਸ਼ਨੀਵਾਰ ਸਵੇਰੇ ਪਿੰਡ 'ਚ ਕਈ ਘੰਟਿਆਂ ਲਈ ਪੰਚਾਇਤ ਇਕੱਠੀ ਹੋਈ ਪਰ ਕੋਈ ਲਾਭ ਨਹੀਂ ਹੋਇਆ।

ਪੀੜਤਾ ਦੇ ਪਿਤਾ ਦੀ ਸ਼ਕਿਾਇਤ 'ਤੇ ਪੁਲਿਸ ਨੇ ਪਿੰਡ ਵਾਸੀ ਲੋਕੇਸ਼, ਸਤੀਸ਼, ਸ੍ਰੀਪਾਲ, ਸ਼ਿਸ਼ੂਪਾਲ, ਰੋਹਤਾਸ਼, ਅਜੇ, ਨਿਸ਼ਾਂਤ, ਉਦਲ, ਬ੍ਰਜੇਸ਼, ਦੀਪੂ, ਸ਼ੁਭਮ, ਪਵਨ, ਬਟੂਆ, ਅਨਿਲ ਅਤੇ ਅਮਿਤ ਵਿਰੁਧ ਦੰਗੇ, ਹਮਲਾ, ਲੁੱਟਖੋਹ, ਕਤਲ ਦੀ ਕੋਸ਼ਸ਼ਿ, ਜਾਇਦਾਦ ਨੂੰ ਨੁਕਸਾਨ ਪਹੁੰਚਾਉਣ, ਅਪਮਾਨ ਕਰਨ ਅਤੇ ਜਾਤੀਵਾਦੀ ਸ਼ਬਦਾਂ ਦੀ ਵਰਤੋਂ ਕਰਨ ਸਮੇਤ ਭਾਰਤੀ ਦੰਡਾਵਲੀ ਦੀਆਂ ਗੰਭੀਰ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਹੈ।

PURBA APPRAISALS INC.

WE PROVIDE RESIDENTIAL REAL ESTATE APPRAISAL SERVICES FOR:



- Mortgage Financing
- Tax/Capital Gain
- Divorce/Separation of Assets
- Litigation Support
- Pre-listing Appraisals

Gurpreet Purba
Broker, CRA
416-669-1423
www.purbahomes.com

TechSpirit
Consultation, Installation & Servicing



Specialized in:
• Analog & IP security cameras • Installation & Maintenance, Upgrade • Video Doorbell Installation

Call: 905-621-4100
7-8770 The Gore Road, Brampton, ON L6P 0B1



1080p HD ਦੇ 4 ਸਿਕਉਰਟੀ ਕੈਮਰੇ ਸਿਰਫ $999 ਵਿੱਚ ਲਗਵਾਓ

# ਸਰਮਾਏ ਦੀ ਸਰਪ੍ਰਸਤੀ ਵਾਲੇ ਲਾਕਰ ਮੂਹਰਾ ਬੌਣਾ ਬਣਿਆ ਸੰਸਾਰ ਦਾ ਸਭ ਤੋਂ ਵੱਡਾ ਲੋਕਤੰਤਰ

ਜਤਿੰਦਰ ਪਨੂੰ ਦੀ ਕਲਮ ਤੋਂ



ਭਾਰਤ ਦਾ ਲੋਕਤੰਤਰ ਦੁਨੀਆ ਭਰ ਵਿੱਚ ਸਲਾਹਿਆ ਜਾਣ ਦੀਆਂ ਗੱਲਾਂ ਕਈ ਵਾਰ ਸੁਣੀਆਂ ਹਨ ਤੇ ਪਤਾ ਨਹੀਂ ਇਹ ਕਿੰਨੀ ਵਾਰ ਹੋਰ ਸੁਣੀਆਂ ਜਾਣਗੀਆਂ ਜਾਂ ਕਹੋ ਕਿ ਸਾਨੂੰ ਸੁਣਨੀਆਂ ਪੈਣਗੀਆਂ, ਪਰ ਇਸ ਦੀ ਅੰਦਰੂਨੀ ਹਾਲਤ ਦੀ ਚਰਚਾ ਬਹੁਤੀ ਨਹੀਂ ਹੁੰਦੀ। ਇਸ ਦੀਆਂ ਨੀਹਾਂ ਵਿੱਚ ਏਨੀ ਤਾਕਤ ਨਹੀਂ ਜਾਪਦੀ ਕਿ ਬਹੁਤਾ ਚਿਰ ਇਸ ਦਾ ਭਾਰ ਝੱਲਦਾ ਰਹਿ ਸਕੇ ਅਤੇ ਇਸ ਤੋਂ ਮਾੜੀ ਗੱਲ ਅਗਲੀ ਹੈ ਕਿ ਇਸ ਸਥਿਤੀ ਦਾ ਕੋਈ ਤੋੜ ਵੀ ਨਹੀਂ ਦਿੱਸਦਾ। ਭਾਰਤ ਵਿੱਚ ਉਨ੍ਹਾਂ ਸਿਆਣਿਆਂ ਦੀ ਕਮੀ ਨਹੀਂ, ਜਿਹੜੇ ਦੁਨੀਆ ਭਰ ਦੇ ਦੇਸ਼ਾਂ ਵਿਚਲੇ ਲੋਕਤੰਤਰਾਂ ਦੀਆਂ ਸਾਰੀਆਂ ਤਹਿਆਂ ਫੋਲ ਕੇ ਅੰਦਰ ਦਾ ਸੱਚ ਅਤੇ ਮੈਦਾਨੀ ਹਕੀਕਤਾਂ ਦਾ ਖੁਲਾਸਾ ਚੁਟਕੀਆਂ ਵਿੱਚ ਕਰ ਸਕਦੇ ਹਨ। ਉਹ ਵਿਕਸਤ ਦੇਸ਼ਾਂ ਦੀ ਰਾਜਨੀਤੀ ਦਾ ਕੱਚ-ਸੱਚ ਵੀ ਜਾਣਦੇ ਹਨ ਅਤੇ ਕਬੀਲਿਆਂ ਦੇ ਯੁੱਗ ਵਰਗੀ ਸਥਿਤੀ ਵਿੱਚ ਹਾਲੇ ਤੱਕ ਫਸੇ ਹੋਏ ਦੇਸ਼ਾਂ ਅਤੇ ਕੌਮਾਂ ਬਾਰੇ ਵੀ ਉਨ੍ਹਾਂ ਤੋਂ ਕੁਝ ਛੁਪਿਆ ਹੋਇਆ ਨਹੀਂ। ਏਨੇ ਸਿਆਣੇ ਸਿਰਾਂ ਦੀ ਬਹੁਤਾਤ ਵਾਲੇ ਭਾਰਤੀ ਲੋਕਤੰਤਰ ਦੇ ਅੰਦਰ ਜਿੰਨਾ ਕੁਝ ਵੇਖਿਆ ਤੇ ਵਿਗੜਨ ਤੋਂ ਰੋਕਣ ਦੀ ਲੋੜ ਹੈ, ਉਸ ਦੀ ਨਾ ਕਦੀ ਕੋਈ ਖਾਸ ਨੀਝ ਨਾਲ ਪੜਚੋਲ ਦਾ ਸੰਜੀਦਾ ਯਤਨ ਹੁੰਦਾ ਜਾਪਦਾ ਹੈ ਤੇ ਨਾ ਇਸ ਲੋੜ ਨੂੰ ਅੱਖੋਂ ਪਰੋਖੇ ਕਰਨ ਦਾ ਲੋਕ ਬੁਰਾ ਹੀ ਮਨਾਉਂਦੇ ਜਾਪਦੇ ਹਨ।

ਦੁਨੀਆ ਭਰ ਦੇ ਲੋਕਤੰਤਰਾਂ ਦੀ ਜਿੰਨੀ ਕੁ ਜਾਣਕਾਰੀ ਇਨ੍ਹਾਂ ਸਤਰਾਂ ਦਾ ਲੇਖਕ ਹਾਸਲ ਕਰ ਸਕਿਆ ਤੇ ਜਿੱਦਾਂ ਦੇ ਹਾਲਾਤ ਅਤੇ ਅਸੂਲਾਂ ਦੀ ਪਾਲਣਾ ਵੱਲ ਸੰਜੀਦਗੀ ਵਿਖਾਈ ਜਾਂਦੀ ਸਮਝ ਪਈ, ਭਾਰਤ ਵਿੱਚ ਉਸ ਦਾ ਅੰਦਾਜ਼ਾ ਵੀ ਨਹੀਂ ਲਾਇਆ ਜਾ ਸਕਦਾ। ਅਸੀਂ ਲੋਕ ਉਸ ਖੂਹ ਦੇ ਡੱਡੂ ਵਾਂਗ ਹੋ ਚੁੱਕੇ ਹਾਂ, ਜਿਹੜਾ ਖੂਹ ਨੂੰ ਸਾਰੇ ਸੰਸਾਰ ਦਾ ਸਿਖਰ ਮੰਨਣ ਲੱਗ ਜਾਂਦਾ ਹੈ। ਇੱਕ ਵਾਰੀ ਸਫਰ ਦੌਰਾਨ ਕੁਝ ਲੋਕਾਂ ਨਾਲ ਇਹ ਗੱਲ ਚੱਲ ਪਈ ਕਿ ਵਿਕਸਤ ਦੇਸ਼ਾਂ ਵਿੱਚ ਆਵਾਜਾਈ ਸੁਚਾਰੂ ਰੂਪ ਨਾਲ ਚਲਾਉਣ ਅਤੇ ਨਾਗਰਿਕਾਂ ਲਈ ਸਹੂਲਤਾਂ ਦੇਣ ਦੇ ਬਹੁਤ ਪ੍ਰਬੰਧ ਹੋਏ ਮਿਲਦੇ ਹਨ। ਸਾਡੇ ਨਾਲ ਬੈਠੀ ਇੱਕ ਕੁੜੀ ਨੇ ਕਿਹਾ ਕਿ ਉਹ ਚੰਡੀਗੜ੍ਹ ਦੀ ਜੰਮ-ਪਲ਼ ਹੈ ਅਤੇ ਇਹ ਗੱਲ ਮਾਣ ਨਾਲ ਕਹਿਣ ਦੀ ਹਿੰਮਤ ਰੱਖਦੀ ਹੈ ਕਿ ਦੁਨੀਆ ਦਾ ਸਭ ਤੋਂ ਸੋਹਣਾ ਪ੍ਰਬੰਧ ਉਸ ਦੇ ਸ਼ਹਿਰ ਵਿੱਚ ਹੈ, ਏਸੇ ਲਈ ਹਰ ਕੋਈ ਇਸ ਦੀ ਗੱਲ ਕਰਦੇ ਵਕਤ 'ਸਿਟੀ ਬਿਊਟੀਫੁਲ' ਕਹਿਣ ਨੂੰ ਗਲਤ ਨਹੀਂ ਮੰਨਦਾ। ਅਸੀਂ ਉਸ ਨੂੰ ਕੁਝ ਗੱਲਾਂ ਵਿਕਸਤ ਦੇਸ਼ਾਂ ਬਾਰੇ ਦੱਸੀਆਂ ਅਤੇ ਯੂਟਿਊਬ ਉੱਤੇ ਉਨ੍ਹਾਂ ਦੇ ਸ਼ਹਿਰਾਂ ਦੀਆਂ ਵੀਡੀਓ ਵੇਖਣ ਲਈ ਕਿਹਾ। ਸਾਡਾ ਫੋਨ ਨੰਬਰ ਲੈ ਕੇ ਚਲੀ ਗਈ ਉਸ ਕੁੜੀ ਨੇ ਦੋ ਦਿਨਾਂ ਬਾਅਦ ਫੋਨ ਕਰ ਕੇ ਆਖਿਆ ਕਿ ਅਸੀਂ ਇਹ ਕੁਝ ਸੋਚ ਵੀ ਨਹੀਂ ਸਕਦੇ ਕਿ ਸਾਨੂੰ ਵਿਕਸਤ ਦੇਸ਼ਾਂ ਦੀ ਖੂਬਸੂਰਤੀ ਦੇ ਨਾਂਅ ਉੱਤੇ ਬੇਵਕੂਫ ਬਣਾਇਆ ਜਾਂਦਾ ਹੈ ਅਤੇ ਜਿਹੜੀ ਹਕੀਕਤ ਦੁਨੀਆਂ ਭਰ ਦੇ ਵਿਕਸਤ ਦੇਸ਼ਾਂ ਕੋਲ ਮੌਜੂਦ ਹੈ, ਉਸ ਦਾ ਸਾਡਾ ਕੋਲ ਕੋਈ ਅੰਸ਼ ਵੀ ਨਹੀਂ ਲੱਭਦਾ। ਅਗਲਾ ਫੋਨ ਉਸ ਨੇ ਕੁਝ ਦਿਨ ਬਾਅਦ ਓਦੋਂ ਕਰਨਾ ਠੀਕ ਸਮਝਿਆ ਸੀ, ਜਦੋਂ ਦੁਨੀਆ ਤਾਂ ਕੀ, ਆਪਣੇ ਦੇਸ਼ ਭਾਰਤ ਦੇ ਖੂਬਸੂਰਤ ਤੇ ਸਾਫ-ਸੁਥਰੇ ਸ਼ਹਿਰਾਂ ਦੀ ਲਿਸਟ ਵਿੱਚ ਵੀ ਉਸ ਦੇ 'ਸਿਟੀ ਬਿਊਟੀਫੁਲ' ਦਾ ਨਾਂਅ ਪੰਜਵੇਂ ਥਾਂ ਹੋਣ ਦੀ ਖਬਰ ਆਈ ਸੀ ਅਤੇ ਚਾਰ ਸ਼ਹਿਰ ਉਸ ਤੋਂ ਅੱਗੇ ਦਰਜ ਸਨ।

ਜਿਨ੍ਹਾਂ ਦੇਸ਼ਾਂ ਵਿੱਚ ਸਹੀ ਅਰਥਾਂ ਵਿੱਚ ਲੋਕਤੰਤਰ ਹੈ, ਉਨ੍ਹਾਂ ਵਿੱਚ ਸਾਡੇ ਨਾਲੋਂ ਵੱਖਰਾ ਵਿਹਾਰ ਰਾਜਨੀਤੀ ਕਰਨ ਵਾਲਿਆਂ ਦਾ ਵੀ ਹੁੰਦਾ ਹੈ, ਸਗੋਂ ਹੋਰ ਸਾਰੇ ਲੋਕਾਂ ਤੋਂ ਪਹਿਲਾਂ ਹੁੰਦਾ ਹੈ। ਕੈਨੇਡਾ ਦੇ ਇੱਕ ਸੂਬੇ ਦੇ ਸਿੱਖਿਆ ਮੰਤਰੀ ਦੇ ਬੱਚੇ ਸਰਕਾਰੀ ਦੇ ਥਾਂ ਪ੍ਰਾਈਵੇਟ ਸਕੂਲਾਂ ਵਿੱਚ ਪੜ੍ਹਨ ਦੀ ਖਬਰ ਆਈ ਤਾਂ ਉਸ ਨੂੰ ਅਹੁਦਾ ਛੱਡਣਾ ਪਿਆ ਸੀ। ਕੋਵਿਡ ਮਹਾਂਮਾਰੀ ਦੇ ਦਿਨਾਂ ਵਿੱਚ ਇਹੋ ਜਿਹੇ ਇੱਕ ਵਿਕਸਤ ਦੇਸ਼ ਦਾ ਇੱਕ ਮੰਤਰੀ ਕੁਝ ਦੋਸਤਾਂ ਨਾਲ ਸਮੁੰਦਰੀ ਕੰਢੇ ਦੇ ਕਿਸੇ ਸੈਰ-ਸਪਾਟਾ ਅਸਥਾਨ ਦਾ ਕੁਝ ਪਲਾਂ ਲਈ ਗੇੜਾ ਮਾਰਨ ਚਲਾ ਗਿਆ ਤਾਂ ਉਸ ਨੂੰ ਕੁਰਸੀ ਛੱਡਣੀ ਪਈ ਸੀ। ਲੋਕਤੰਤਰ ਦੇ ਇਹੋ ਜਿਹੇ ਅਰਥ ਅਸੀਂ ਲੋਕ ਭਾਰਤ ਵਿੱਚ ਕਦੇ ਮਹਿਸੂਸ ਵੀ ਨਹੀਂ ਕਰ ਸਕਦੇ ਅਤੇ ਸਾਡੇ ਕਿਸੇ ਲੀਡਰ ਨੇ ਲੋਕਾਂ ਦੇ ਮਨਾਂ ਵਿੱਚ ਵਿਸ਼ਵਾਸ ਕਾਇਮ ਰੱਖਣ ਲਈ ਏਦਾਂ ਦੀ ਕੁਝ ਲੋੜ ਵੀ ਨਹੀਂ ਸਮਝੀ। ਆਪਣੇ ਆਪ ਨੂੰ ਨਿਯਮਾਂ-ਕਾਨੂੰਨਾਂ ਤੋਂ ਉੱਪਰ ਮੰਨਣ ਦਾ ਪ੍ਰਭਾਵ ਦੇਣ ਵਾਲੇ ਡੋਨਾਲਡ ਟਰੰਪ ਦੀ ਗੱਲ ਵੱਖਰੀ ਹੈ, ਵਰਨਾ ਬਹੁਤ ਸਾਰੇ ਵਿਕਸਤ ਦੇਸ਼ਾਂ ਦੀ ਕਿਸੇ ਸਰਕਾਰ ਦੇ ਕਿਸੇ ਵੀ ਅਗਵਾਨੂੰ ਉੱਤੇ ਏਦਾਂ ਦੇ ਦੋਸ਼ ਲੱਗਣ ਤਾਂ ਅਹੁਦਾ ਛੱਡ ਕੇ ਤੁਰ ਜਾਂਦੇ ਰਹੇ ਹਨ। ਉਨ੍ਹਾਂ ਦੀ ਪਾਰਟੀ ਉਨ੍ਹਾਂ ਦੀਆਂ ਗਲਤੀਆਂ ਤੇ ਗੁਨਾਹਾਂ ਦਾ ਭਾਰ ਆਪਣੇ ਸਿਰ ਲੈਣ ਲਈ ਕਦੀ ਤਿਆਰ ਨਹੀਂ ਹੋਈ। ਸਿਰਫ ਇਹ ਹੀ ਨਹੀਂ, ਉਨ੍ਹਾਂ ਦੇਸ਼ਾਂ ਵਿੱਚ ਜਦੋਂ ਕਦੀ ਚੋਣਾਂ ਵਿੱਚ ਕਿਸੇ ਪਾਰਟੀ ਦੀ ਲੱਕ ਤੋੜਵੀਂ ਹਾਰ ਹੋਈ ਤਾਂ ਉਸ ਆਗੂ ਨੂੰ ਲੋਕਾਂ ਵੱਲੋਂ ਰੱਦ ਕੀਤਾ ਗਿਆ ਮੰਨ ਕੇ ਕਈ ਆਗੂਆਂ ਨੂੰ ਰਾਜਨੀਤੀ ਤੋਂ ਕਿਨਾਰਾ ਕਰਦੇ ਵੀ ਬਹੁਤ ਵਾਰੀ ਵੇਖਿਆ ਗਿਆ ਹੈ।

ਭਾਰਤ ਵਿੱਚ ਏਦਾਂ ਕਰਨਾ ਤਾਂ ਦੂਰ, ਏਦਾਂ ਦੀ ਸੋਚ ਵੀ ਮਨ ਵਿੱਚ ਲਿਆਉਣ ਦੀ ਕਿਸੇ ਆਗੂ ਨੂੰ ਲੋੜ ਮਹਿਸੂਸ ਨਹੀਂ ਕਰਨੀ ਪੈਂਦੀ। ਕਦੀ ਇਸ ਦੇਸ਼ ਵਿੱਚ ਸੱਤਾ ਦੇ ਸਿਖਰ ਉੱਤੇ ਹੋਣ ਦਾ ਸਤਿਕਾਰ ਮਾਣਦੀ ਰਹੀ ਕਾਂਗਰਸ ਪਾਰਟੀ ਦੀ ਪਿਛਲੀਆਂ ਕਈ ਵਾਰੀਆਂ ਵਿੱਚ ਬਹੁਤ ਬੁਰੀ ਹਾਲਤ ਹੋਣ ਦੇ ਬਾਵਜੂਦ ਉਸ ਦੀ ਅਗਵਾਈ ਕਰਨ ਵਾਲਾ ਇੱਕੋ ਪਰਵਾਰ ਹੀ ਉਸ ਦੀ ਕਮਾਨ ਸਾਂਭੀ ਬੈਠਾ ਹੈ, ਉਨ੍ਹਾਂ ਨੂੰ ਹਾਰ ਦੀ ਜ਼ਿੰਮੇਵਾਰੀ ਆਪਣੀ ਝੋਲੀ ਪਵਾ ਕੇ ਪਾਸੇ ਹਟਣ ਨੂੰ ਕਹਿ ਦੇਣ ਦੀ ਥਾਂ ਉਲਟਾ ਇਹ ਪ੍ਰਚਾਰ ਕੀਤਾ ਜਾਂਦਾ ਹੈ ਕਿ 'ਪਾਰਟੀ ਲਈ ਵੋਟ ਕੈਚਰ ਉਹੀ ਪਰਵਾਰ ਹੈ'। ਵੋਟ-ਕੈਚਰ ਦਾ ਭਾਵ ਕਿ ਵੋਟਾਂ ਹੂੰਝ ਕੇ ਲਿਆ ਸਕਣ ਵਾਲਾ ਪਰਵਾਰ ਜਾਂ ਆਗੂ ਸਿਰਫ ਇਸ ਪਾਰਟੀ ਤੱਕ ਸੀਮਤ ਨਹੀਂ, ਹੋਰ ਵੀ ਕਈਆਂ ਧਿਰਾਂ ਵਿੱਚ ਅਗਵਾਈ ਵਾਲੀ ਕੁਰਸੀ ਉੱਤੇ ਕਬਜ਼ਾ ਜਮਾਉਣ ਵਾਲੇ ਪੱਕੇ ਆਗੂ ਬੈਠੇ ਹਨ। ਜਦੋਂ ਪਤਾ ਹੈ ਕਿ ਚੁਣੌਤੀ ਦੇਣ ਦੀ ਜੁਰਅੱਤ ਹੀ ਕਿਸੇ ਦੀ ਨਹੀਂ ਤੇ ਚਾਪਲੂਸਾਂ ਦੇ ਆਸਰੇ ਰਾਜਨੀਤੀ ਚੱਲਦੀ ਜਾਣੀ ਹੈ ਤਾਂ ਸਭ ਠੀਕ ਹੀ ਹੈ।

ਬਹੁਜਨ ਸਮਾਜ ਪਾਰਟੀ ਦੀ ਕਿਸੇ ਵਕਤ ਚੜ੍ਹਤ ਹੋਇਆ ਕਰਦੀ ਸੀ। ਉਸ ਦੀ ਮੁਖੀ ਬੀਬੀ ਮਾਇਆਵਤੀ ਭਾਰਤ ਦੀ ਕੇਂਦਰ ਦੀ ਸੱਤਾ ਦੇ ਅਗਵਾਨੂੰ ਬਾਰੇ ਫੈਸਲਾ ਕਰਨ ਵਿੱਚ ਇੱਕ ਧੜੱਲੇਦਾਰ ਧਿਰ ਸਮਝੀ ਜਾਂਦੀ ਸੀ, ਅੱਜ ਉਹ ਕਿਸੇ ਖਾਸ ਲੇਖੇ ਵਿੱਚ ਗਿਣੀ ਜਾਣ ਜੋਗੀ ਨਹੀਂ, ਪਰ ਪਾਰਟੀ ਦੀ ਮੁਖੀ ਅੱਗੇ ਚੁਣੌਤੀ ਕੋਈ ਨਹੀਂ। ਜਿੰਨੀ ਤੇ ਜਿਹੋ ਜਿਹੀ ਪਾਰਟੀ ਹੈ, ਇਸ ਦੀ ਅਗਵਾਈ ਉਸੇ ਬੀਬੀ ਦੇ ਹੱਥ ਹੈ ਤੇ ਅੱਗੋਂ ਉਸ ਬੀਬੀ ਦੇ ਪਰਵਾਰ ਦੇ ਕਿਸੇ ਜੀਅ ਨੂੰ ਸੌਂਪੀ ਜਾਣੀ ਸੰਭਵ ਹੈ, ਕਿਉਂਕਿ ਪਾਰਟੀ ਦਾ ਆਧਾਰ ਉਨ੍ਹਾ ਕੋਲ ਬਹੁਤਾ ਹੋਵੇ ਜਾਂ ਥੋੜ੍ਹਾ, ਪਾਰਟੀ ਚਲਾਉਣ ਜੋਗੇ ਸਰੋਤ ਸਿਰਫ ਉਨ੍ਹਾਂ ਕੋਲ ਹਨ, ਪਾਰਟੀ ਦੇ ਕਿਸੇ ਵੀ ਹੋਰ ਆਗੂ ਕੋਲ ਕੱਖ ਨਹੀਂ। ਸਾਰੇ ਸਰੋਤਾਂ ਉੱਤੇ ਏਦਾਂ ਦੀ ਜਕੜ ਕਾਂਗਰਸ ਹਾਈ ਕਮਾਂਡ ਕੋਲ ਹੋਣ ਕਾਰਨ ਉਨ੍ਹਾਂ ਦਾ ਕਬਜ਼ਾ ਮੰਨਿਆ ਜਾਂਦਾ ਹੈ ਅਤੇ ਵੱਡੇ ਕਾਰਪੋਰੇਟ ਘਰਾਣਿਆਂ ਨਾਲ ਅੱਖ ਦੀ ਸੈਨਤ ਵਰਗਾ ਜਿੰਨਾ ਸੰਪਰਕ ਉਨ੍ਹਾਂ ਦਾ ਹੈ, ਹੋਰ ਕਿਸੇ ਦਾ ਕਦੀ ਬਣਨ ਹੀ ਨਹੀਂ ਸੀ ਦਿੱਤਾ ਗਿਆ ਤੇ ਅੱਗੋਂ ਬਣਨਾ ਵੀ ਕਦੇ ਨਹੀਂ।

ਭਾਰਤੀ ਜਨਤਾ ਪਾਰਟੀ ਸਿਧਾਂਤ ਉੱਤੇ ਆਧਾਰਤ ਰਾਜਨੀਤੀ ਕਰਨ ਦੇ ਦਾਅਵੇ ਕਰਦੀ ਹੁੰਦੀ ਸੀ, ਅਟੱਲ ਬਿਹਾਰੀ ਵਾਜਪਾਈ ਦੇ ਵਕਤ ਜਦੋਂ ਸੱਤਾ ਦੇ ਸਿਖਰ ਉੱਤੇ ਪੁੱਜੀ ਤਾਂ ਇਸ ਨੂੰ ਕਾਰਪੋਰੇਟ ਘਰਾਣਿਆਂ ਵੱਲੋਂ ਫੰਡਾਂ ਦੇ ਗੱਫੇ ਧੜਾ-ਧੜਾ ਫੰਡ ਦਿੱਤੇ ਜਾਣ ਲੱਗੇ, ਪਰ ਪੈਸੇ ਪਾਰਟੀ ਨਹੀਂ ਸੀ ਫੜਦੀ ਹੁੰਦੀ, ਉਸ ਵੱਲੋਂ ਇੱਕੋ ਆਗੂ ਇਹ ਕੰਮ ਕਰਦਾ ਹੁੰਦਾ ਸੀ। ਹਾਲਾਤ ਬਦਲੇ ਤੇ ਪਾਰਟੀ ਦੇ ਸੱਤਾ ਤੋਂ ਪਾਸੇ ਹੁੰਦੇ ਸਾਰ ਕਾਰਪੋਰੇਟ ਫੰਡਾਂ ਦਾ ਉਹ ਇੱਕੋ ਸੰਪਰਕ ਮੰਨਿਆ ਜਾਂਦਾ ਆਗੂ ਆਪਣੇ ਕਿਸੇ ਪਰਵਾਰਕ ਝਗੜੇ ਕਾਰਨ ਦੁਨੀਆ ਛੱਡ ਗਿਆ। ਉਸ ਨਾਲ ਲਾਏ ਗਏ ਦੋ ਆਗੂਆਂ ਵਿੱਚ ਸੰਪਰਕ ਸੂਤਰ ਵਜੋਂ ਜ਼ਿੰਮਾ ਸੰਭਾਲਣ ਤੋਂ ਝਗੜਾ ਪੈ ਗਿਆ ਅਤੇ ਇੱਕ ਜਣਾ ਰੁੱਸ ਕੇ ਕੰਮ ਛੱਡ ਕੇ ਘਰ ਜਾ ਬੈਠਾ। ਇਸ ਪਾਰਟੀ ਵਾਸਤੇ ਕਾਰਪੋਰੇਟ ਘਰਾਣੇ ਜਣੇ-ਖਣੇ ਅੱਗੇ ਨੋਟਾਂ ਦੇ ਬੈਗ ਰੱਖਣ ਅਤੇ ਆਮ ਲੋਕਾਂ ਅੱਗੇ ਨੰਗੇ ਹੋਣ ਲਈ ਤਿਆਰ ਨਹੀਂ ਸਨ ਤੇ ਜਦੋਂ ਇਹ ਸੱਚਾਈ ਪਾਰਟੀ ਨੂੰ ਸਮਝ ਪਈ ਤਾਂ ਲੀਡਰਸ਼ਿਪ ਨੇ ਦੋਵਾਂ ਵਿੱਚੋਂ ਦਮਦਾਰ ਜਾਪਦਾ ਸਿਰਫ ਇੱਕ ਜਣਾ ਅੱਗੇ ਕੀਤਾ ਤੇ ਦੂਸਰੇ ਨੂੰ ਪਿੱਛੇ ਖਿੱਚ ਕੇ ਸਾਰੇ ਸੰਪਰਕ ਫਿਰ ਬਹਾਲ ਕਰ ਲਏ ਅਤੇ ਕੋਈ ਝਟਕਾ ਨਹੀਂ ਸੀ ਲੱਗਾ। ਇਸ ਦੇ ਬਾਅਦ ਹਾਲਾਤ ਏਨੇ ਬਦਲ ਗਏ ਕਿ ਪਾਰਟੀ ਵਿੱਚ ਓਦੋਂ ਵਰਗੀ ਸਥਿਤੀ ਕਦੀ ਪੈਦਾ ਵੀ ਹੋਵੇਗੀ, ਇਸ ਬਾਰੇ ਪਾਰਟੀ ਅਤੇ ਲੋਕਤੰਤਰ ਦੀ ਵਿਆਖਿਆ ਕਰਨ ਵਾਲੇ ਅਜੋਕੇ ਮਾਹਰਾਂ ਨੂੰ ਆਸ ਨਹੀਂ ਰਹਿ ਗਈ ਲੱਗਦੀ। ਸਿਰਫ ਇੱਕ ਆਗੂ ਦੀ ਪਕੜ ਏਨੀ ਤਕੜੀ ਹੋ ਗਈ ਹੈ ਕਿ ਉਸ ਦੇ ਅੱਗੇ ਸਿਰ ਚੁੱਕਣ ਵਾਲਾ ਕੋਈ ਨਹੀਂ ਰਿਹਾ ਅਤੇ ਜਿਹੜੇ ਸਰੋਤਾਂ ਨਾਲ ਇਹ ਪਾਰਟੀ ਚੱਲਦੀ ਹੈ ਜਾਂ ਚੱਲਦੀ ਰੱਖੀ ਜਾ ਸਕਦੀ ਹੈ, ਉਨ੍ਹਾਂ ਦੀ ਮੁੱਖ ਟੇਕ ਸਿਰਫ ਇੱਕ ਵੱਡੇ ਕਾਰਪੋਰੇਟ ਘਰਾਣੇ ਦੇ ਮੁਖੀ ਤੱਕ ਸੀਮਤ ਕੀਤੀ ਜਾਣ ਲੱਗ ਪਈ ਹੈ। ਬਹੁਤ ਸਾਰੇ ਲੋਕ ਉਸ ਵੱਡੇ ਪੂੰਜੀਪਤੀ ਨੂੰ ਪ੍ਰਧਾਨ ਮੰਤਰੀ ਦੀ ਰਾਜਨੀਤੀ ਵਾਸਤੇ ਰਾਖਵਾਂ ਸਰੋਤ ਮੰਨਣ ਦੇ ਨਾਲ ਭਾਜਪਾ ਦਾ ਲਾਕਰ ਤੱਕ ਮੰਨਦੇ ਹਨ। ਜਦੋਂ ਤੱਕ ਇਨ੍ਹਾਂ ਦੋਵਾਂ ਦੀ ਇਹ ਸਾਂਝਦਾਰੀ ਕਾਇਮ ਹੈ, ਏਦਾਂ ਚੱਲਦਾ ਰਹਿ ਸਕਦਾ ਹੈ, ਜਿਸ ਦਿਨ ਮੱਤਭੇਦਾਂ ਦੀ ਛੋਟੀ ਜਿਹੀ ਲਕੀਰ ਵੀ ਕਿਸੇ ਤਰ੍ਹਾਂ ਉੱਠ ਪਈ, ਦੋਵਾਂ ਵਿੱਚੋਂ ਇੱਕ ਜਣੇ ਨੂੰ ਦੂਸਰੇ ਲਈ ਰਾਹ ਛੱਡਣਾ ਪੈ ਸਕਦਾ ਹੈ। ਇਹੋ ਜਿਹੇ ਹਾਲਾਤ ਵਿੱਚ ਬਹੁਤੀ ਵਾਰ ਪੂੰਜੀਪਤੀ ਬੰਦੇ ਹੀ ਖੂੰਜੇ ਧੱਕੇ ਜਾਇਆ ਕਰਦੇ ਹਨ। ਇਹ ਵਰਤਾਰਾਜ਼ਿਆਦਾ ਵਾਰੀਆਂ ਵਾਲਾ ਹੋ ਸਕਦਾ ਹੈ, ਪਰ ਹਮੇਸ਼ਾ ਵਾਲਾ ਸਮਝਣਾ ਗਲਤ ਹੋਵੇਗਾ। ਕਈ ਵਾਰੀ ਪੂੰਜੀਪਤੀ ਹੀ ਪੂੰਜੀ ਦਾ ਪਤੀ ਨਾ ਰਹਿ ਕੇ ਪੂੰਜੀ ਦਾ ਛੱਟਾ ਦੇ ਕੇ ਸਿਆਸਤ ਦੀ ਚੱਕਰੀ ਘੁਮਾ ਸਕਣ ਜੋਗੀ ਹੈਸੀਅਤ ਹਾਸਲ ਕਰ ਜਾਂਦਾ ਹੈ। ਇੰਦਰਾ ਗਾਂਧੀ ਦੇ ਵਕਤ ਜਿਹੜਾ ਰਿਲਾਇੰਸ ਘਰਾਣਾ ਉਸ ਦੀ ਮੁਥਾਜੀ ਤੋਂ ਨਹੀਂ ਸੀ ਨਿਕਲ ਸਕਦਾ, ਪਿੱਛੋਂ ਰਾਜੀਵ ਗਾਂਧੀ ਦੀ ਰਾਜਨੀਤੀ ਨੂੰ ਉਹ ਹੀ ਘਰਾਣਾ ਸਿਆਸੀ ਪਟਕਣੀ ਦੇ ਗਿਆ ਸੀ। ਏਦਾਂ ਦੀ ਹਾਲਤ ਕਦੋਂ ਕਿਸੇ ਆਗੂ ਲਈ ਬਣ ਜਾਵੇ, ਸਿਆਸਤ ਦੇ ਰੰਗਾਂ ਦੇ ਜਾਣਕਾਰ ਯਕੀਨ ਨਾਲ ਕੁਝ ਨਹੀਂ ਕਹਿ ਸਕਦੇ।

ਸਾਡੇ ਪੰਜਾਬ ਵਿੱਚ ਸਾਰੇ ਸਰੋਤ ਇੱਕ ਪਾਰਟੀ ਦੀ ਥਾਂ ਇੱਕ ਪਰਵਾਰ ਦੇ ਸੰਪਰਕ ਦੇ ਮੁਥਾਜ ਹੋਣ ਦੀ ਸਥਿਤੀ ਨੇ ਅਕਾਲੀ ਦਲ ਨੂੰ ਜਿਸ ਥਾਂ ਜਾ ਪੁਚਾਇਆ ਹੈ, ਉਸ ਦੀ ਕਿਸੇ ਵਿਆਖਿਆ ਦੀ ਲੋੜ ਨਹੀਂ। ਪਾਰਟੀ ਭਾਵੇਂ ਸਿਖਰਲੇ ਸੰਕਟ ਦਾ ਸਾਹਮਣਾ ਕਰਦੀ ਪਈ ਹੈ, ਇਸ ਪਾਰਟੀ ਦੀ ਅਗਵਾਈ ਸੰਭਾਲੀ ਰੱਖਣ ਦੀ ਜ਼ਿਦ ਕਰਦੇ ਆਗੂ ਦੀ ਟੀਮ ਦੇ ਪਿਆਦੇ ਅਜੇ ਵੀ ਇਹ ਕਹਿਣ ਤੋਂ ਨਹੀਂ ਝਿਜਕਦੇ ਕਿ ਜਿਸ ਲੀਡਰ ਕੋਲ ਪਾਰਟੀ ਚਲਾਉਣ ਦੀ ਸਮਰੱਥਾ ਅਤੇ ਸਰਮਾਇਆ ਹੈ, ਉਸ ਦਾ ਨਾਂਅ ਦੱਸੋ, ਏਨੀ ਜੋਗਾ ਹੋਰ ਕੋਈ ਆਗੂ ਸਿੱਖ ਪੰਥ ਦੇ ਅੰਦਰ ਹੈ ਹੀ ਨਹੀਂ। ਇਹ ਸਥਿਤੀ ਇੱਕੋ ਆਗੂ ਜਾਂ ਉਸ ਆਗੂ ਦੇ ਪਰਵਾਰ ਕੋਲ ਆਈ ਕਿਸ ਤਰ੍ਹਾਂ ਸੀ, ਇਸ ਦੀ ਚਰਚਾ ਦੀ ਲੋੜ ਨਹੀਂ, ਸਮਝਣ ਵਾਲੀ ਅਸਲ ਸਥਿਤੀ ਇਹ ਹੈ ਕਿ ਇਸ ਵਕਤ ਇਸ ਪਾਰਟੀ ਲਈ ਇਹ ਪਰਵਾਰ ਇੱਕ ਤਰ੍ਹਾਂ ਉਸ ਧਿਰ ਦਾ ਲਾਕਰ ਅਤੇ ਗੋਲਕ ਦੋਵੇਂ ਬਣ ਚੁੱਕਾ ਹੋਣ ਕਾਰਨ ਆਪਣੇ ਆਪ ਤੋਂ ਬਾਹਰ ਪਾਰਟੀ ਦੀ ਕਲਪਨਾ ਤੱਕ ਵੀ ਕਰਨ ਨੂੰ ਤਿਆਰ ਨਹੀਂ। ਜਿੱਦਾਂ ਕਾਂਗਰਸ ਪਾਰਟੀ ਕੋਲ, ਭਾਰਤ ਦੇ ਵੱਖ-ਵੱਖ ਰਾਜਾਂ ਵਿੱਚ ਚੱਲਦੀਆਂ ਖੇਤਰੀ ਪਾਰਟੀਆਂ ਕੋਲ ਜਾਂ ਕੇਂਦਰ ਵਾਲੀ ਰਾਜਨੀਤੀ ਵਿੱਚ ਅਸਰ ਵਾਲੇ ਦੋ ਪ੍ਰਮੁੱਖ ਲੀਡਰਾਂ ਸ਼ਰਦ ਪਵਾਰ ਅਤੇ ਬੀਬੀ ਮਾਇਆਵਤੀ ਕੋਲ ਇਹ ਹੈਸੀਅਤ ਹੈ, ਉਹੀ ਹੈਸੀਅਤ ਪੰਜਾਬ ਵਿੱਚ ਹੋਣ ਦਾ ਭਰਮ ਜਾਂ ਯਕੀਨ ਜਿਨ੍ਹਾਂ ਲੀਡਰਾਂ ਨੂੰ ਅਜੇ ਵੀ ਹੈ, ਅਤੇ ਛੇਤੀ ਕੀਤੇ ਇਸ ਯਕੀਨ ਜਾਂ ਭਰਮ ਨੂੰ ਖੋਰਾ ਲੱਗਣ ਵਾਲਾ ਨਹੀਂ ਦਿੱਸਦਾ, ਉਹ ਇਸ ਲੀਡਰ ਜਾਂ ਇਸ ਦੇ ਪਰਵਾਰ ਦੀ ਵਫਾ ਜਾਂ ਕਾਰਿੰਦਗੀ ਛੱਡਣ ਨੂੰ ਤਿਆਰ ਨਹੀਂ ਹੋ ਸਕਦੇ।

ਇਹੋ ਗੱਲ ਸਮਝਣ ਵਾਲੀ ਹੈ ਕਿ ਭਾਰਤ ਦੀ ਰਾਜਨੀਤੀ ਇਸ ਵਕਤ ਸਰਮਾਏ ਦੀ ਸਰਪ੍ਰਸਤੀ ਵਾਲੇ ਲਾਕਰਾਂ ਦੀ ਮੁਥਾਜੀ ਵਾਲੇ ਜਿਸ ਪੜਾਅ ਉੱਤੇ ਪਹੁੰਚ ਚੁੱਕੀ ਹੈ, ਉਸ ਚੱਕਰਵਿਊ ਤੋਂ ਇਸ ਦੇ ਨਿਕਲਣ ਦੀ ਸੰਭਾਵਨਾ ਨਹੀਂ ਦਿਖਾਈ ਦੇਂਦੀ। ਇਹੀ ਬਦਕਿਸਮਤੀ ਹੈ ਕਿ ਭਾਰਤ ਅਤੇ ਇਸ ਦੇ ਲੋਕਾਂ ਦੀ ਕਿ ਉਨ੍ਹਾਂ ਦਾ ਲੋਕਤੰਤਰ ਰਾਜਨੀਤੀ ਦੇ ਇਨ੍ਹਾਂ ਲਾਕਰਾਂ ਮੂਹਰੇ ਏਨਾ ਬੌਣਾ ਦਿਖਾਈ ਦੇਂਦਾ ਹੈ ਕਿ ਲੋਕ-ਸ਼ਕਤੀ ਦੇ ਸਿਧਾਂਤਾਂ ਦਾ ਸੁਫਨਾ ਲੈਣਾ ਵੀ ਛੱਡੀ ਜਾਂਦਾ ਹੈ।


ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

Allseas Fisheries Inc. is Hiring!
DZ licensed delivery drivers needed.
Pay is $24/hour. Full time, permanent
Should work any day of the week, including weekends.
If interested, please forward resume to **rgidda@allseas.net**


## ਲੜਕੀ ਦੀ ਲੋੜ

ਰਾਮਗੜ੍ਹੀਆ ਸਿੱਖ ਲੜਕਾ, 26 ਸਾਲ, 5ਫੁੱਟ, 9ਇੰਚ, ਵਰਕ ਪਰਮਿਟ, ਟਰੱਕ ਡਰਾਈਵਰ, ਨਾਨਡ੍ਰਿੰਕਿੰਗ ਲਈ, ਪੀ.ਆਰ./ਸਿਟੀਜ਼ਨ ਲੜਕੀ ਦੀ ਲੋੜ। ਸੰਪਰਕ: sukh25125@gmail.com ਜਾਂ ਵਟਸਐਪ +16723355016, ਕੋਈ ਜਾਤੀ ਬੰਧਨ ਨਹੀਂ। ਮੈਰਿਜ ਬਿਊਰੋ ਵਾਲੇ ਮੁਆਫ ਕਰਨ।

ਲੁਬਾਣਾ ਸਿੱਖ, 1989 ਕਲੀਨਸ਼ੇਵ, ਗੋਰਾ ਰੰਗ, ਕੱਦ 5'8, ਕੈਨੇਡਾ ਵਿੱਚ ਸਥਾਈ ਨਿਵਾਸੀ (**Italian citizen**) ਲਈ ਖੂਬਸੂਰਤ ਅਤੇ ਪੜ੍ਹੀ ਲਿਖੀ ਲੜਕੀ ਦੀ ਲੋੜ। ਸੰਪਰਕ- 647-449-6746 ਜਾਂ 250-793-0527

Sikh Tonk kashtriya Boy Feb/1993 Born, height 5.11", B.tech in computer science, On work permit PR applied. Working as a supervisor. Looking for beautiful PR/Work permit/ Study permit girl. Caste No Bar. Whatsapp or Call at +91 9417272807, +12269787777

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5 ਫੁੱਟ 10 ਇੰਚ, ਲੜਕੇ ਦੀ ਇਕ ਭੈਣ ਹੈ, ਆਟੋਮੋਟਿਵ ਪਾਵਰ ਟੈਕਨੀਸ਼ੀਅਨ, ਆਟੋਮੋਬਾਇਲ ਇੰਡਸਟਰੀ ਵਿਚ ਮਿਕੈਨਿਕ ਦੇ ਤੌਰ 'ਤੇ ਕੰਮ ਕਰ ਰਿਹਾ ਹੈ, ਕੈਨੇਡੀਅਨ ਪੀਆਰ ਹੈ, ਲਈ ਜੱਟ ਸਿੱਖ, ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਲੜਕੀ ਕੈਨੇਡਾ ਵਿਚ ਵਰਕ ਪਰਮਿਟ ਉਤੇ ਹੋਵੇ, ਸਟੱਡੀ ਪਰਮਿਟ ਉਤੇ ਜਾਂ ਪੀਆਰ ਹੋਲਡਰ ਹੋਵੇ। ਸੰਪਰਕ: (289) 380-6898

ਲੁਬਾਣਾ ਸਿੱਖ ਲੜਕਾ ਕੈਨੇਡੀਅਨ ਸਿਟੀਜ਼ਨ, ਉਮਰ 29, ਹਾਈਟ 5 ਫੁੱਟ 8 ਇੰਚ, ਸੈਲਫ ਇੰਪਲਾਇਡ ਲਈ ਬੀਐੱਸਸੀ ਨਰਸਿੰਗ ਜਾਂ ਵਰਕ ਪਰਮਿਟ 'ਤੇ ਆਈ ਲੜਕੀ ਦੀ ਜ਼ਰੂਰਤ ਹੈ। ਲੁਬਾਣਾ ਬਰਾਦਰੀ ਨੂੰ ਪਹਿਲ ਦਿੱਤੀ ਜਾਵੇਗੀ। ਸੰਪਰਕ: 7093510275

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877 Email :- komal1128@gmail.com


Allseas Fisheries Inc. is Hiring!
DZ licensed delivery drivers needed.
Pay is $24/hour. Full time, permanent
Should work any day of the week, including weekends.
If interested, please forward resume to **rgidda@allseas.net**


## ਲੜਕੀ ਦੀ ਲੋੜ

ਕੈਨੇਡੀਅਨ ਸਿਟੀਜ਼ਨ, ਕੈਨੇਡਾ ਦੇ ਦੋ ਸੂਬਿਆਂ ਵਿਚ ਸਫ਼ਲ ਸਥਾਪਿਤ ਆਪਣਾ ਕਾਰੋਬਾਰ ਕਰਦੇ ਵੈੱਲ ਸੈਟਲਡ ਪਰਿਵਾਰ ਦੇ ਕੈਨੇਡਾ ਵਿਚ 16 ਸਾਲ ਤੋਂ ਰਹਿ ਰਹੇ ਲੜਕੇ, ਉਮਰ 32 ਸਾਲ, ਕੱਦ 5 ਫੁੱਟ, 10 ਇੰਚ, ਲਈ ਯੋਗ ਲੜਕੀ ਦੀ ਜ਼ਰੂਰਤ। ਸੰਪਰਕ ਕਰੋ: 204-510-7658 ਜਾਂ 437-881-7282

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9", ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈੱਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5"8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

## ਲੜਕੇ ਦੀ ਲੋੜ

ਜੱਟ ਸਿੱਖ ਸਿੱਧੂ ਪਰਿਵਾਰ ਦੀ ਲੜਕੀ, 28 ਸਾਲ, 5'6", ਕੇਨੈਡਾ ਵਿੱਚ ਵਿਜਟਰ ਵੀਜ਼ੇ 'ਤੇ ਰਹਿ ਰਹੀ ਲੜਕੀ ਲਈ ਕੈਨੇਡੀਅਨ ਸਿਟੀਜਨ/ਪੀ.ਆਰ. ਜੱਟ ਸਿੱਖ ਲੜਕੇ ਦੀ ਜ਼ਰੂਰਤ। ਸੰਪਰਕ: 647-203-7573

ਕੈਨੇਡਾ (ਬਰੈਪਟਨ) ਪੀ ਆਰ ਦਰਜੀ ਸਿੰਘ (ਛੀਂਬਾ) ਤਲਾਕਸ਼ੁਦਾ ਲੜਕੀ B.Sc.Nursing, 33 ਸਾਲ 5' 2" ਲਈ ਪਗੜੀਧਾਰੀ ਲੜਕੇ ਦੀ ਲੋੜ। +919417939114

Need suitable match for 58 years old Hindu (Khatri) lady (Non Manglik), Height 5'3". Seeking a trustworthy man upto 65 years. Contact :- 647-323-5428.

Qualified match for beautiful never married Punjabi Khatri girl 5'7" 35 years Software Engineer at Toronto .Canada PR. Well settled in IT job . Good family.call +16475649350 email marti.mail.20@gmail.com

Saini Sikh family seeks a suitable match for their beautiful daughter, born and raised in Canada, 36 years old, slim, 5'4" tall, has a bachelor's degree, has a good job, divorced after short marriage. The boy should be educated, well settled, handsome, Canadian born. Please send bio-data and pictures on whatsapp. Phone :- 437-288-6010. Caste no bar.

'Qualified match for beautiful never married 81 born girl, Canada PR, well settled in job with Pharma co at Toronto. Call: +16475649350, Email: skvmatri49@gmail.com

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

## ਲੜਕੇ ਦੀ ਲੋੜ

ਗਿੱਲ ਜੱਟ ਸਿੱਖ, 1992, ਇਕਲੌਤੀ, B.Tech. ਲੜਕੀ ਲਈ ਗੁਰਸਿੱਖ ਕੈਨੇਡੀਅਨ ਸੈਟਲਡ ਪਰਿਵਾਰ ਦੇ ਲੜਕੇ ਦੀ ਲੋੜ। ਸੰਪਰਕ: 9464034653, 2364582228

ਜੱਟ ਸਿੱਖ ਲੜਕੀ, ਉਮਰ 27 ਸਾਲ, ਕੱਦ 5 ਫੁੱਟ 4", ਬੀ.ਏ ਪਾਸ, ਹੇਅਰ ਐਂਡ ਸਕਿੱਨ ਕੇਅਰ ਡਿਪਲੋਮਾ (ਆਈ. ਟੀ.ਆਈ) ਕੰਪਿਊਟਰ ਡਿਪਲੋਮਾ ਇੱਕ ਸਾਲ ਕੀਤਾ ਹੋਇਆ, ਵਿਜ਼ਟਰ ਵੀਜ਼ੇ 'ਤੇ ਕੇਨੈਡਾ ਆਈ ਹੋਈ, ਲਈ ਕੈਨੇਡੀਅਨ ਜੱਟ ਸਿੱਖ ਪੀ.ਆਰ ਲੜਕੇ ਦੀ ਲੋੜ। ਸੰਪਰਕ: 1-905-451-1716, +919876533403

ਕੈਨੇਡਾ ਪੀ ਆਰ ਲੜਕੀ ਲਈ ਵਰ ਦੀ ਲੋੜ, 1991/5'3", ਲਈ ਸ਼ੁਧ ਵੈਸ਼ਨੂੰ ਲੜਕੇ ਦੀ ਲੋੜ। ਕੈਨੇਡਾ ਨੂੰ ਪਹਿਲ। ਸੰਪਰਕ: 9855238175

ਜੱਟ ਸਿੱਖ 1996/5'-3", ਇੰਟਰਨੈਸ਼ਨਲ ਬਿਜ਼ਨੈੱਸ ਮੈਨੇਜਮੈਂਟ (ਕੈਨੇਡਾ ਪੀ-ਆਰ) ਲੜਕੀ ਲਈ ਕੈਨੇਡਾ ਪੀਆਰ/ਨਾਨ-ਪੀਆਰ ਲੜਕਾ ਚਾਹੀਦਾ ਹੈ। ਮਾਲਵੇ ਨੂੰ ਤਰਜੀਹ। ਸੰਪਰਕ: 9478403300

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜ਼ਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2" ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664













# ਪੰਜਾਬ ਵਿਧਾਨ ਸਭਾ 'ਚ ਉੱਘੀਆਂ ਸ਼ਖਸੀਅਤਾਂ ਨੂੰ ਸ਼ਰਧਾਂਜਲੀ

ਚੰਡੀਗੜ੍ਹ, 24 ਫਰਵਰੀ (ਪੋਸਟ ਬਿਊਰੋ): ਅੱਜ 16ਵੀਂ ਪੰਜਾਬ ਵਿਧਾਨ ਸਭਾ ਦੇ 7ਵੇਂ ਸੈਸ਼ਨ ਦੀ ਸ਼ੁਰੂਆਤ ਹੋ ਗਈ ਹੈ . ਪੰਜਾਬ ਵਿਧਾਨ ਸਭਾ ਨੇ ਅੱਜ ਪਿਛਲੇ ਸਮੇਂ 'ਚ ਵਿਛੜੀਆਂ ਉੱਘੀਆਂ ਸ਼ਖਸੀਅਤਾਂ ਨੂੰ ਸ਼ਰਧਾਂਜਲੀ ਭੇਂਟ ਕੀਤੀ, ਜਿਨ੍ਹਾਂ 'ਚ ਰਾਜਨੀਤਿਕ ਆਗੂ, ਆਜ਼ਾਦੀ ਘੁਲਾਟੀਏ ਅਤੇ ਨਾਮਵਰ ਕਲਾਕਾਰ ਸ਼ਾਮਲ ਸਨ।

ਅੱਜ 16ਵੀਂ ਵਿਧਾਨ ਸਭਾ ਦੇ 7ਵੇਂ ਸੈਸ਼ਨ ਦੀ ਪਹਿਲੀ ਬੈਠਕ ਦੌਰਾਨ, ਸਦਨ ਨੇ 'ਆਪ' ਵਿਧਾਇਕ ਗੁਰਪ੍ਰੀਤ ਸਿੰਘ ਬੱਸੀ (ਗੋਗੀ), ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ, ਸਾਬਕਾ ਮੰਤਰੀ ਧਰਮਪਾਲ ਸੱਭਰਵਾਲ ਅਤੇ ਅਜੈਬ ਸਿੰਘ ਮੁਖਮੈਲਪੁਰ, ਸਾਬਕਾ ਰਾਜ ਸਭਾ ਮੈਂਬਰ ਹਰਵਿੰਦਰ ਸਿੰਘ ਹੰਸਪਾਲ ਅਤੇ ਸਾਬਕਾ ਵਿਧਾਇਕ ਜੋਗਿੰਦਰ ਪਾਲ ਜੈਨ, ਸੁਖਵਿੰਦਰ ਸਿੰਘ ਬੁੱਟਰ ਅਤੇ ਭਾਗ ਸਿੰਘ ਨੂੰ ਸ਼ਰਧਾਂਜਲੀ ਭੇਂਟ ਕੀਤੀ।



ਵਿਧਾਨ ਸਭਾ 'ਚ ਆਜ਼ਾਦੀ ਘੁਲਾਟੀਆਂ ਕਰਨੈਲ ਸਿੰਘ, ਕਿੱਕਰ ਸਿੰਘ ਅਤੇ ਕੇਹਰ ਸਿੰਘ ਅਤੇ ਕਲਾਕਾਰ ਜਰਨੈਲ ਸਿੰਘ ਨੂੰ ਵੀ ਸ਼ਰਧਾਂਜਲੀ ਭੇਂਟ ਕੀਤੀ। ਇਸ ਤੋਂ ਇਲਾਵਾ ਰਾਏਕੋਟ ਦੇ ਵਿਧਾਇਕ ਹਾਕਮ ਸਿੰਘ ਦੀ ਪਤਨੀ ਜਸਪਾਲ ਕੌਰ ਅਤੇ ਨਾਭਾ ਦੇ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਦੇ ਪਿਤਾ ਲਾਲ ਸਿੰਘ ਨੂੰ ਵੀ ਸ਼ਰਧਾਂਜਲੀਆਂ ਭੇਂਟ ਕੀਤੀਆਂ।

ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਵਿਛੜੀਆਂ ਸ਼ਖਸੀਅਤਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਉਨ੍ਹਾਂ ਦਾ ਦਿਹਾਂਤ ਦੇਸ਼, ਸਮਾਜ ਅਤੇ ਭਾਈਚਾਰੇ ਲਈ ਵੱਡਾ ਘਾਟਾ ਹੈ। ਸਦਨ ਵੱਲੋਂ ਵਿੱਛੜੀਆਂ ਸਖਸ਼ੀਅਤਾਂ ਦੇ ਪਰਿਵਾਰਾਂ ਪ੍ਰਤੀ ਸੰਵੇਦਨਾ ਪ੍ਰਗਟ ਕਰਨ ਵਾਲਾ ਮਤਾ ਪਾਸ ਕੀਤਾ ਗਿਆ। ਪੂਰੇ ਸਦਨ ਨੇ ਦੋ ਮਿੰਟ ਦਾ ਮੌਨ ਰੱਖਿਆ।

ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਦੀ ਬੇਨਤੀ 'ਤੇ ਜਸਟਿਸ ਕੁਲਦੀਪ ਸਿੰਘ, ਜਿਨ੍ਹਾਂ ਦਾ ਹਾਲ ਹੀ 'ਚ ਦੇਹਾਂਤ ਹੋ ਗਿਆ ਸੀ, ਉਨ੍ਹਾਂ ਦਾ ਨਾਮ ਵੀ ਸ਼ਰਧਾਂਜਲੀ ਦੇਣ ਵਾਲਿਆਂ 'ਚ ਸ਼ਾਮਿਲ ਕੀਤਾ ਗਿਆ।







# ਪੁਲਿਸ ਮੁਲਾਜ਼ਮਾਂ ਲਈ 10,000 ਰੁਪਏ ਰਿਸ਼ਵਤ ਲੈਣ ਵਾਲਾ ਇੱਕ ਆਮ ਵਿਅਕਤੀ ਵਿਜੀਲੈਂਸ ਬਿਊਰੋ ਵੱਲੋਂ ਗ੍ਰਿਫ਼ਤਾਰ

ਚੰਡੀਗੜ੍ਹ, 24 ਫਰਵਰੀ (ਪੋਸਟ ਬਿਊਰੋ): ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਚਲਾਈ ਮੁਹਿੰਮ ਦੌਰਾਨ ਜ਼ਿਲ੍ਹਾ ਸੰਗਰੂਰ ਦੇ ਪਿੰਡ ਝਾੜੋਂ ਦੇ ਵਸਨੀਕ ਇੱਕ ਆਮ ਵਿਅਕਤੀ ਹਰਪ੍ਰੀਤ ਸਿੰਘ ਨੂੰ ਪੁਲਿਸ ਮੁਲਾਜ਼ਮਾਂ ਖਾਤਰ 10000 ਰੁਪਏ ਰਿਸ਼ਵਤ ਮੰਗਣ ਅਤੇ ਲੈਣ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕੀਤਾ ਹੈ।

ਅੱਜ ਇੱਥੇ ਇਹ ਖੁਲਾਸਾ ਕਰਦਿਆਂ ਵਿਜੀਲੈਂਸ ਬਿਊਰੋ ਦੇ ਇੱਕ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਉਪਰੋਕਤ ਮੁਲਜ਼ਮ ਨੂੰ ਮੁੱਖ ਮੰਤਰੀ ਦੀ ਭ੍ਰਿਸ਼ਟਾਚਾਰ ਵਿਰੋਧੀ ਐਕਸ਼ਨ ਲਾਈਨ 'ਤੇ ਇੱਕ ਔਰਤ ਦੁਆਰਾ ਦਰਜ ਕਰਵਾਈ ਗਈ ਔਨਲਾਈਨ ਸ਼ਿਕਾਇਤ ਦੀ ਜਾਂਚ ਤੋਂ ਬਾਅਦ ਗ੍ਰਿਫ਼ਤਾਰ ਕੀਤਾ ਗਿਆ ਹੈ।

ਉਨ੍ਹਾਂ ਅੱਗੇ ਦੱਸਿਆ ਕਿ ਇਸ ਸ਼ਿਕਾਇਤ ਦੀ ਜਾਂਚ ਦੌਰਾਨ ਇਹ ਪਾਇਆ ਗਿਆ ਕਿ ਮੁਲਜ਼ਮ ਹਰਪ੍ਰੀਤ



## ਭ੍ਰਿਸ਼ਟਾਚਾਰ ਕੇਸ ਵਿੱਚ ਜਾਂਚ ਅਧਿਕਾਰੀ ਏਐੱਸਆਈ ਨੂੰ ਵੀ ਕੀਤਾ ਨਾਮਜ਼ਦ

ਸਿੰਘ ਨੇ ਸੰਗਰੂਰ ਜ਼ਿਲ੍ਹੇ ਦੇ ਥਾਣਾ ਚੀਮਾ ਵਿਖੇ ਦਰਜ ਇੱਕ ਪੁਲਿਸ ਕੇਸ ਵਿੱਚ ਸ਼ਿਕਾਇਤਕਰਤਾ ਤੇ ਉਸਦੇ ਪਰਿਵਾਰਕ ਮੈਂਬਰਾਂ ਦੀ ਮੱਦਦ ਕਰਨ ਬਦਲੇ ਥਾਣੇਦਾਰ (ਐਸਐਚਓ) ਅਤੇ ਜਾਂਚ ਅਧਿਕਾਰੀ ਜਸਬੀਰ ਸਿੰਘ, ਸਹਾਇਕ ਸਬ ਇੰਸਪੈਕਟਰ (ਏਐਸਆਈ) ਵੱਲੋਂ ਸ਼ਿਕਾਇਤਕਰਤਾ ਤੋਂ 60,000 ਰੁਪਏ ਦੀ ਰਿਸ਼ਵਤ ਮੰਗੀ ਸੀ। ਇਹ ਵੀ ਸਿੱਧ ਹੋਇਆ ਕਿ ਉਕਤ ਮੁਲਜ਼ਮ ਸ਼ਿਕਾਇਤਕਰਤਾ ਤੋਂ ਪਹਿਲਾਂ ਹੀ ਉਕਤ ਪੁਲਿਸ ਮੁਲਾਜ਼ਮਾਂ ਲਈ 10,000 ਰੁਪਏ ਲੈ ਚੁੱਕਾ ਹੈ।

ਬੁਲਾਰੇ ਨੇ ਅੱਗੇ ਦੱਸਿਆ ਕਿ ਉਕਤ ਮੁਲਜ਼ਮ ਅਤੇ ਏਐਸਆਈ ਜਸਬੀਰ ਸਿੰਘ ਵਿਰੁੱਧ ਭ੍ਰਿਸ਼ਟਾਚਾਰ ਰੋਕਥਾਮ ਕਾਨੂੰਨ ਦੀ ਧਾਰਾ 7 ਅਤੇ 7 ਏ ਅਤੇ ਭਾਰਤੀ ਨਿਆਏ ਸੰਹਿਤਾ (ਬੀਐਨਐਸ) ਦੀ ਧਾਰਾ 61(2) ਤਹਿਤ ਬਿਊਰੋ ਦੇ ਥਾਣਾ ਪਟਿਆਲਾ ਰੇਂਜ ਵਿਖੇ ਮੁਕੱਦਮਾ ਦਰਜ ਕੀਤਾ ਗਿਆ ਹੈ। ਉਨ੍ਹਾਂ ਅੱਗੇ ਕਿਹਾ ਕਿ ਇਸ ਮਾਮਲੇ ਦੀ ਅਗਲੇਰੀ ਜਾਂਚ ਦੌਰਾਨ ਸਬੰਧਤ ਐਸਐਚਓ ਦੀ ਭੂਮਿਕਾ ਦੀ ਜਾਂਚ ਕੀਤੀ ਜਾਵੇਗੀ।









Urgently Need New Listings in Brampton/Caledon

visit: www.teamjagaujla.com



Call JAG AUJLA

MCNE, REAL ESTATE BROKER

DIR: 416-371-7777

j.aujla@rogers.com www.jagaujla.com

CALL JAG FOR A QUICK & FREE HOME EVALUATION

www.BramptonTopRealtor.com www.BramptonTopAgent.com

URGENTLY NEED NEW LISTINGS IN THIS AREA

RECENTLY LISTED/SOLD IN YOUR NEIGHBOURHOOD BY JAG AUJLA

**NEW Listing in *MISSISSAUGA***
Winston Churchill/Collegeway/Council Ring



Approx. 2000 sq.ft. ਸੈਮੀ-ਡਿਟੈਚਡ ਹਾਊਸ, 4+2 ਬੈਡਰੂਮ, 3 ਵਾਸ਼ਰੂਮ 2 ਬੈਡਰੂਮ ਫਿਨੀਸ਼ਡ ਬੇਸਮੈਂਟ,3 ਕਾਰ ਪਾਰਕਿੰਗ। No ਕਾਰਪੇਟ। Eat-in ਕੀੱਚਨ with Granite ਕਾਊਂਟਰਟੋਪ। Family Rm with Fireplace, Stainless Steel Appliances. Spacious Living Rm & Bed Rms. Close to Hwy 403 , QEW , Hwy 407

**NEW Listing in *BRAMPTON***
James Potter/Queen/Bonnie Brae



Approx. 3000-3500 sq.ft. ਡਿਟੈਚਡ ਹਾਊਸ, 5+2 ਬੈਡਰੂਮ+Office+ 5 ਵਾਸ਼ਰੂਮ, 2 ਬੈਡਰੂਮ ਫਿਨੀਸ਼ਡ Lookout ਬੇਸਮੈਂਟ,6 ਕਾਰ ਪਾਰਕਿੰਗ। No ਕਾਰਪੇਟ। Double Door Entry, ਕੀੱਚਨ with Granite ਕਾਊਂਟਰਟੋਪ। Oak staircase, ਮਾਸਟਰ ਬੈਡਰੂਮ with 5-ਪੀਸ ਇਨਸੂਇਟ, All Bdrms connected to Wash Rms.

**Listed in *BRAMPTON***
Bovaird/Mclaughlin/Fletchers Creek



2000 sq.ft. ਸੈਮੀ-ਡਿਟੈਚਡ ਹਾਊਸ 4+1 ਬੈਡਰੂਮ + 4 ਵਾਸ਼ਰੂਮ, 1 ਬੈਡਰੂਮ ਫਿਨੀਸ਼ਡ ਬੇਸਮੈਂਟ with separate entrance. Double door entry, ਮਾਸਟਰ ਬੈਡਰੂਮ with 5-ਪੀਸ ਇਨਸੂਇਟ, Walk-in ਕਲੌਜਿਟ, Laundary on 2nd ਫਲੋਰ ਅਤੇ ਬੇਸਮੈਂਟ। Newly ਅਪਗਰੇਡੀਡ।

**NEW Listing in *BRAMPTON***
Hwy 10/Sandalwood/Braidwood



50 ਫੁੱਟ ਦਾ ਡਿਟੈਚਡ ਹਾਊਸ Approx. 2500sq.ft. 4 ਬੈਡਰੂਮ + 3 ਵਾਸ਼ਰੂਮ, $70K ਦੇ ਅਪਗਰੇਡ, ਮਾਸਟਰ ਬੈਡਰੂਮ with 4-ਪੀਸ ਇਨਸੂਇਟ ਅਤੇ Walk-in ਕਲੌਜਿਟ, No ਕਾਰਪੇਟ, 6 ਪਾਰਕਿੰਗ, Quartz ਕਾਊਂਟਰਟੋਪ, 64"Built-in Fridge, Extra furnance, Heated Garage, Sec camera, storage in backyard.

**NEW Listing in *BRAMPTON***
Chinguacousy/Williams Pkwy/Bovaird



ਡਿਟੈਚਡ ਹਾਊਸ Approx. 2000sq.ft., 4+1 ਬੈਡਰੂਮ +4 ਵਾਸ਼ਰੂਮ, ਫਿਨੀਸ਼ਡ ਬੇਸਮੈਂਟ with 1 ਬੈਡ+Rec Rm+4pc ਵਾਸ਼ਰੂਮ, ਡਬਲ-ਡੋਰ entrance, ਮਾਸਟਰ ਬੈਡਰੂਮ with 5-ਪੀਸ ਇਨਸੂਇਟ ਅਤੇ Walk-in ਕਲੌਜਿਟ, Electric Fireplace, Extended concreted ਡਰਾਈਵੇਅ, storage in backyard, pond & more.

**Listed in *MISSISSAUGA***
Burnhamthorpe/Confederation



900-999 sq.ft. ਲੇਕ ਵੀਊ, 2 ਬੈਡਰੂਮ + 1 ਵਾਸ਼ਰੂਮ ਵੱਡੀਆਂ ਕੀੱਚਨ ਕੈਬਨਿਟ, ਨਵਾਂ ਪੇਂਟ, ਨਵੇਂ ਲੈਮੀਨੇਟ ਫਲੋਰ, Huge ਬਾਲਕੋਨੀ, 2 ਪਾਰਕਿੰਗ (ਲਿਫਟ ਦੇ ਬਿਲੱਕੁਲ ਨੇੜੇ), ਸਾਰੀਆਂ ਸਹੂਲਤਾਂ ਦੇ ਕੋਲ- Square One, Celebration Square, Grand Park Plaza, Sheridan College, YMCA & much more.

FREE

- Full MLS Services
- Consistently Marketing Your Property Until SOLD
- Competitive Rates, Exceptional Service & Award Winning Results
- Staging Consultation
- Billboard, Flyer, Newspaper
- Online Promotion
- Professional Pictures and Virtual Tour
- Social media & Radio Advertisement
- Open House Until Sold

RE/MAX Realty Specialists Inc. Brokerage (Independently Owned and Operated)

Off: 905-456-3232

Call JAG AUJLA DIR: 416-371-7777

MCNE, REAL ESTATE BROKER

NOT INTENDED TO SOLICIT BUYERS OR SELLER CURRENTLY UNDER CONTRACT

SEPTEMBER 2022



The Mortgage Centre

We work for you, not the lenders.




Debt Consolidation

Renovations & Repairs

Avoiding High penalities

No Credit or becon score check.
No income verifiaction.
Interest payments only.
Pay off high interest debts.
75%-80% LTV.

Must have home equity.....

if you are looking for independent mortgage or protection advice....

We're here to help.

* Competitive rates
* Flexible terms
* Fast approval process

For more information call:

Jaspal Gahunia (Lic. M08006400)
Direct: 416-677-0047
Office: 416-674-7050
Email: paulpaul202@yahoo.ca
Office - Unit 201-19 Woodbine Downs Blvd, Etobicoke, ON M9W 6N5
-4040 Steeles Avenue West Unit#5 Woodbridge, ON, L4L 4Y5

Rexdale Financial Services






FRESH & LARGE VARIETY
Bread, Dairy & Eggs
Branded Foods
Fruits & Vegetables
Beverages & Confectionery
Grocery & Staples
Sweet & Samosas

SERVING FROM ALL LOCATIONS IN GTA AREA:

10 Westmore Drive
Etobicoke ON M9V-3Z7
416-740-3262

21 Lacoste Blvd,
Brampton, ON L6P 2K2
905 794-8109

621 Wanless drive, # 122
Brampton ON L7A 0A9
905-495-3336

1075 Ceremonial Drive
Mississauga ON L5R 2Z4
905-502-1600

80 Pertosa Drive
Brampton ON L5X-5E9
905-460-0009

10510 Torbram Road,
Brampton
905-790-0030

2120 North park Drive
Brampton ON L6S 0C9
905-793-1338

10 Pannahill Dr,
Brampton
905 913-8017